# ਗੁਰਬਾਣੀ ਉਪਮਾ

## ਸਤਿਸੰਗ

**ਸੋਰਠਿ ਮ: ੩ (ਅੰਗ 600)**

**ਦਾਸਨਿ ਦਾਸੁ ਹੋਵੈ ਤਾ ਹਰਿ ਪਾਏ**
**ਵਿਚਹੁ ਆਪੁ ਗਵਾਈ ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਐੱਸ. ਜੀ. ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਮਿਸੀਗਨ, ਅਮਰੀਕਾ, ਇਟਲੀ, ਜਰਮਨੀ, ਇੰਗਲੈਂਡ, ਆਸਟ੍ਰੇਲੀਆ ਦੀ ਸੰਗਤ ਤਥਾ ਮਾਲਿਕਾਨ ਕਾਕਾਡੂ ਰੈਸਟੋਰੈਂਟ ਫਰੈਂਕਫਰਟ ਜਰਮਨੀ, ਭਾਈ ਹਰਬੰਸ ਸਿੰਘ ਦੁੱਗਲ ਇੰਗਲੈਂਡ ਅਤੇ ਭਾਈ ਭੁਪਿੰਦਰ ਸਿੰਘ ਸਪੁੱਤਰ ਗਿਆਨੀ ਹਰਬੰਸ ਸਿੰਘ ਨਿਊਯਾਰਕ ਨੇ ਦੇਸ਼ ਵਿਦੇਸ਼ ਦੀਆਂ ਸਾਧ ਸੰਗਤਾਂ ਨਾਲ ਮਿਲ ਕੇ ਪੂਰਨ ਸੰਤ ਸਤਿਗੁਰ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ (ਜਿਹਨਾਂ ਦੇ ਨਾਮ ਉੱਪਰ ਇਸ ਸੰਸਥਾਂ ਦੇ ਜਿੰਨੇ ਵੀ ਹਸਪਤਾਲ ਜਾਂ ਮੈਡੀਕਲ ਅਦਾਰੇ ਬਣੇ ਹਨ ਐੱਸ ਤੋਂ ਭਾਵ ਹੈ ਸੁਆਮੀ, ਜੀ. ਤੋਂ ਭਾਵ ਹੈ ਗੁਰਬਚਨ ਅਤੇ ਐੱਲ ਤੋਂ ਭਾਵ ਹੈ ਲਾਲ। ਇਹ ਸਾਰੇ ਹੀ ਸਾਡੇ ਹਜ਼ੂਰ ਦੇ ਨਾਮ ਤੋਂ ਬਣੇ ਹਨ। ਅਗਰ ਸੰਗਤ ਨੂੰ ਕੋਈ ਜੀਵ ਪੁੱਛਦਾ ਹੈ ਕਿ ਐੱਸ. ਜੀ. ਐੱਲ. ਤੋਂ ਕੀ ਮੁਰਾਦ ਹੈ ਤਦ ਸੰਗਤ ਨੂੰ ਪਤਾ ਹੋਣਾ ਚਾਹੀਦਾ ਹੈ।

ਸੋਈ ਪੂਰਨ ਸੰਤ ਸਤਿਗੁਰੂ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਧਿਆਨਪੁਰ ਵਾਲਿਆਂ ਦੇ 87 ਵੇਂ ਅਤੇ ਪੂਰਨ ਸੰਤ ਸਤਿਗੁਰੂ ਬਾਬਾ ਦੇਵਾ ਸਿੰਘ ਜੀ ਮਹਾਰਾਜ ਤਰਨਤਾਰਨ ਵਾਲਿਆਂ ਦੇ 120 ਵੇਂ ਅਵਤਾਰ ਦਿਵਸ ਦੀ ਖੁਸ਼ੀ ਵਿੱਚ ਧੁਰ ਕੀ ਬਾਣੀ ਦਾ ਆਸਰਾ ਲੈਂਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਆਰੰਭ ਕਰਵਾਇਆ ਸੀ। ਹਜ਼ੂਰ ਦੀ ਕਿਰਪਾ ਹੋਈ ਹੈ ਜੋ ਨਿਰਵਿਘਨ ਭੋਗ ਪਾਏ ਗਏ ਹਨ। ਭੋਗ ਉਪਰੰਤ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ

ਵਿੱਚੋਂ ਹੁਕਮਨਾਮਾ ਆਇਆ ਹੈ। ਉਸ ਵਿੱਚ ਹਜ਼ੂਰ ਜੋ ਭੇਦ ਬਖ਼ਸ਼ ਰਹੇ ਹਨ ਆਪਾਂ ਸਾਰਿਆਂ ਨੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੋ ਕਿ 61-62 ਸਾਲ ਦੀ ਉਮਰ ਤੱਕ ਹਰਿਦੁਆਰ, ਕਾਸ਼ੀ, ਮਥੁਰਾ ਜਾਂਦੇ ਰਹੇ ਸਨ। ਇੱਕ ਦਿਨ ਹਰਿਦੁਆਰ ਵਿਖੇ ਇਸ਼ਨਾਨ ਕਰਕੇ ਲੇਟੇ ਹੋਏ ਸੀ। ਜਿੰਨੀਆਂ ਵੀ ਪੂਰਨ ਤਾਕਤਾਂ ਹੁੰਦੀਆਂ ਹਨ ਉਹਨਾਂ ਦੇ ਪੈਰਾਂ ਵਿੱਚ ਪਦਮ ਹੁੰਦਾ ਹੈ। ਉਹ ਪਦਮ ਤੋਂ ਮੁਰਾਦ ਹੈ ਕਿ ਜਦੋਂ ਉਹ ਸਾਧੂ ਵਿਸ਼ਰਾਮ ਕਰਦੇ ਹਨ ਜਾਂ ਸਿਮਰਨ ਕਰਕੇ ਲੇਟਦੇ ਹਨ ਤਾਂ ਉਹਨਾਂ ਦੇ ਪੈਰਾਂ ਵਿੱਚੋਂ ਜਿਸ ਤਰ੍ਹਾਂ ਰੇਲਵੇ ਦੇ ਇੰਜਨ ਦੀ ਲਾਈਟ ਹੁੰਦੀ ਹੈ ਇਸ ਤਰ੍ਹਾਂ ਉਹ ਪਦਮ ਚਮਕਦਾ ਹੈ। ਜਦੋਂ ਫਾਂਧਕੀ ਨੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨੂੰ ਤੀਰ ਮਾਰਿਆ ਸੀ ਤਦ ਉਸ ਨੇ ਉਸ ਪਦਮ ਦੀ ਲਾਈਟ ਨੂੰ ਹਿਰਨ ਦੀ ਅੱਖ ਸਮਝ ਕੇ ਤੀਰ ਮਾਰਿਆ ਸੀ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੇ ਪੈਰ ਵਿੱਚ ਪਦਮ ਦੇਖ ਕੇ ਗੋਪਾਲ ਪੰਡਿਤ ਜੀ (ਜਿਹਨਾਂ ਦਾ ਗੁਰਬਾਣੀ ਵਿੱਚ ਵੀ ਜਿਕਰ ਆਉਂਦਾ ਹੈ) ਨੇ ਨਮਸਕਾਰ ਕੀਤੀ ਕਿ ਇਹ ਪੂਰਨ ਤਾਕਤ ਹਨ ਪਰ ਇਹਨਾਂ ਨੂੰ ਭੇਦ ਨਹੀਂ ਹੈ। ਗੋਪਾਲ ਪੰਡਿਤ ਜੀ ਨੇ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੂੰ ਮੱਥਾ ਟੇਕਿਆ ਤਦ ਹਜ਼ੂਰ ਹੈਰਾਨ ਹੋ ਗਏ ਕਿ ਤੁਸੀਂ ਪੰਡਿਤ ਹੋ ਕੇ ਮੈਨੂੰ ਮੱਥਾ ਕਿਉਂ ਟੇਕਿਆ ਹੈ? ਗੋਪਾਲ ਪੰਡਿਤ ਜੀ ਕਹਿਣ ਲੱਗੇ ਕਿ ਤੁਹਾਡੇ ਪੈਰ ਵਿਚਲਾ ਪਦਮ ਦੱਸਦਾ ਹੈ ਕਿ ਤੁਹਾਡੇ ਸਿਰ ਉੱਪਰ ਰਹਿਮਤ ਦਾ ਛਤਰ ਝੁੱਲੇਗਾ। ਤਦ ਹਜ਼ੂਰ ਨੇ ਸ਼ਰਧਾ ਦੇ ਤੌਰ ਤੇ ਗੋਪਾਲ ਪੰਡਿਤ ਜੀ ਨੂੰ ਪਾਣੀ ਪਿਆਉਣ ਦਾ ਯਤਨ ਕੀਤਾ। ਗੋਪਾਲ ਪੰਡਿਤ ਜੀ ਨੇ ਪੁੱਛਿਆ ਕੀ ਤੁਸੀਂ ਕਿਸੇ ਪੂਰਨ ਸਾਧੂ ਦੀ ਸੰਗਤ ਕਰਦੇ ਹੋ? ਤੁਸੀਂ ਕਿਸੇ ਨੂੰ ਸਤਿਗੁਰੂ ਧਾਰਨ ਕੀਤਾ ਹੈ? ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਕਿਹਾ ਨਹੀਂ। ਉਹਨਾਂ ਨੇ ਕਿਹਾ ਤਦ ਅਸੀਂ ਤੁਹਾਡੇ ਹੱਥੋਂ ਪਾਣੀ ਨਹੀਂ ਪੀਣਾ ਅਤੇ ਸਲੋਕ ਉਚਾਰਨ ਕੀਤਾ ਕਿ

*ਕਬੀਰ ਨਿਗੁਰਾ ਨ ਮਿਲੇ ਸਗੁਰਾ ਮਿਲੇ ਹਜਾਰ।*
*ਇਕ ਨਿਗੁਰੇ ਕੇ ਸੀਸ ਪਰ ਲਖ ਪਾਪੀ ਕਾ ਭਾਰ।*

ਹਜ਼ੂਰ ਤੀਸਰੇ ਪਾਤਿਸ਼ਾਹ ਸੋਚਣ ਲੱਗੇ ਕਿ ਮੈਂ ਤਾਂ ਆਪਣੇ ਆਪ ਨੂੰ ਬਹੁਤ ਵੱਡਾ ਭਗਤ ਸਮਝਦਾ ਸੀ। ਆਪ ਰੋਂਦੇ-ਰੋਂਦੇ ਘਰ ਆਏ। ਸਾਰੀ ਰਾਤ ਪਸਚਾਤਾਪ ਕਰਕੇ ਰੋਂਦੇ ਰਹੇ। ਸਵੇਰੇ ਬੀਬੀ ਅਮਰੋ ਜੋ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੀ ਸ਼ਰੀਕੇ ਵਿੱਚੋਂ ਨੂੰਹ ਲਗਦੀ ਸੀ ਅਤੇ ਹਜ਼ੂਰ ਦੂਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ ਨੇ ਦੁੱਧ ਰਿੜਕਨਾ ਪਾਇਆ ਅਤੇ ਪਾਠ ਕਰਨਾ ਸ਼ੁਰੂ ਕੀਤਾ।

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥*

*(ਅੰਗ 463)*

ਆਪ ਪੁੱਛਣ ਲੱਗੇ ਪੁੱਤਰੀ! ਇਹ ਕਿਸ ਦੀ ਬਾਣੀ ਹੈ? ਉਹਨਾਂ ਨੇ ਦੱਸਿਆ ਕਿ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਪਰ ਮੇਰੇ ਪਿਤਾ ਜੀ ਬਿਰਾਜਮਾਨ ਹਨ। ਇਹ ਉਹਨਾਂ ਦੇ ਉਚਾਰਨ ਕੀਤੇ ਬਚਨ ਹਨ। ਆਪ ਕਹਿਣ ਲੱਗੇ ਪੁੱਤਰੀ! ਮੈਨੂੰ ਵੀ ਉਹਨਾਂ ਪਾਸ ਲੈ ਚੱਲ। ਬੀਬੀ ਅਮਰੋ ਨੇ ਕਿਹਾ ਉਹ ਤਾਂ ਸਭ ਦਾ ਸਾਂਝਾ ਘਰ ਹੈ। ਪਰ ਉਹ ਆਪ ਨੂੰ ਨਾਲ ਲੈ ਕੇ ਮਿਲਣ ਲਈ ਤੁਰ ਪਏ। ਜਾਂਦਿਆ ਰਸਤੇ ਵਿੱਚ ਆਪ ਦੇ ਮਨ ਵਿੱਚ ਸ਼ੰਕੇ ਉਠੇ ਕਿ ਮੈਂ ਉਹਨਾਂ ਦਾ ਕੁੜਮ ਹਾਂ। ਐਸਾ ਨਾ ਹੋਵੇ ਕਿ ਉਹ ਮੈਨੂੰ ਸੰਗਤ ਵਿੱਚ ਬੈਠਣ ਲਈ ਕਹਿ ਦੇਣ। ਦੂਸਰਾ ਹਜ਼ੂਰ ਮੈਨੂੰ ਅੱਗਿਉਂ ਲੈਣ ਲਈ ਆਉਣ ਤਦ ਮੈਂ ਸਮਝਾਂਗਾ ਕਿ ਉਹ ਪੂਰਨ ਤਾਕਤ ਹਨ। ਹਜ਼ੂਰ ਅੱਗਿਉਂ ਲੈਣ ਲਈ ਵੀ ਆਏ ਤਦ ਆਪ ਨੇ ਸੋਚਿਆ ਕਿ ਸ਼ਾਇਦ ਸੈਰ ਕਰਨ ਲਈ ਆਏ ਹੋਣਗੇ। ਘਰ ਪਹੁੰਚ ਕੇ ਹਜ਼ੂਰ ਦੂਸਰੇ ਪਾਤਿਸ਼ਾਹ ਕਹਿਣ ਲੱਗੇ ਸਾਡਾ ਪਲੰਘ ਚੁੱਕ ਦਿਉ ਅਤੇ ਦੋ ਪਲੰਘ ਲੈ ਕੇ ਆਉ। ਇੱਕ ਵੱਡਾ ਪਲੰਘ ਸਾਡੇ ਕੁੜਮ ਆਏ ਹਨ। ਇਹਨਾਂ ਲਈ ਅਤੇ ਛੋਟਾ ਸਾਡੇ ਲਈ ਲੈ ਕੇ ਆਉ। ਆਪ ਢਹਿ ਕੇ ਚਰਨੀਂ ਪਏ ਕਿ ਹਜ਼ੂਰ ਮੈਨੂੰ ਮਾਫ਼ ਕਰ ਦਿਉ, ਮੇਰੇ ਦਿਲ ਵਿੱਚ ਹੀ ਸ਼ੰਕੇ ਉੱਠੇ ਸੀ। ਆਪ ਨੇ ਮੰਗ ਕੇ ਸੇਵਾ ਲਈ। ਬਾਰਾਂ ਸਾਲ ਪੁੱਠੀਂ ਪੈਰੀਂ ਗਏ ਅਤੇ ਸਿੱਧੀ ਪੈਰੀਂ ਆਏ, ਪਾਣੀ ਢੋਹਿਆ। ਆਪ ਇਸ਼ਨਾਨ ਕਰਨਾ ਅਤੇ ਪਾਣੀ ਲਿਆ ਕੇ ਆਪਣੇ ਸਤਿਗੁਰ ਨੂੰ ਇਸ਼ਨਾਨ ਕਰਵਾਉਣਾ। ਇੱਕ ਦਿਨ ਬਾਰਿਸ਼ ਪੈ ਰਹੀ ਸੀ। ਪੈਰ ਤਿਲਕ ਕੇ ਆਪ ਜੁਲਾਹੇ ਦੀ ਖੱਡੀ ਵਿੱਚ ਡਿੱਗ ਪਏ ਪਰ ਪਾਣੀ ਵਾਲੀ ਗਾਗਰ ਨਹੀਂ ਡਿੱਗਣ ਦਿੱਤੀ। ਜੁਲਾਹਾ ਜੁਲਾਹੀ ਨੂੰ ਕਹਿਣ ਲੱਗਾ ਕਿ ਬਾਹਰ ਖੜਾਕ ਹੋਇਆ ਹੈ, ਬਾਹਰ ਦੇਖ ਕੌਣ ਹੈ? ਜੁਲਾਹੀ ਕਹਿਣ ਲੱਗੀ ਹੋਰ ਕੌਣ ਹੋਣਾ ਏਂ, ਅਮਰੂ ਨਿਥਾਂਵਾਂ ਹੋਵੇਗਾ ਨਾ ਇਸ ਦਾ ਕੋਈ ਥਾਂ ਹੈ ਨਾ ਹੀ ਇਸ ਦੇ ਸਤਿਗੁਰੂ ਦਾ ਕੋਈ ਥਾਂ ਹੈ। ਆਪ ਕਹਿਣ ਲੱਗੇ ਓ ਝੱਲੀਏ। ਮੇਰਾ ਤਾਂ ਸਚਮੁੱਚ ਕੋਈ ਥਾਂ ਨਹੀਂ ਹੈ। ਅਗਰ ਸਤਿਗੁਰੂ ਦਾ ਕੋਈ ਥਾਂ ਨਹੀਂ ਹੈ ਤਦ ਦੁਨੀਆਂ ਵਿੱਚ ਥਾਂ ਵਾਲਾ ਕੌਣ ਹੈ। ਉਹ ਲੜਕੀ ਸ਼ੁਦੈਣ ਹੋ ਗਈ। ਪਿੰਡ ਦੇ ਲੋਕਾਂ ਨੇ ਜਾ ਕੇ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਕੋਲ ਸ਼ਿਕਾਇਤ ਕੀਤੀ। ਤਦ ਹਜ਼ੂਰ ਨੇ ਆਪ ਨੂੰ ਬੁਲਾ ਕੇ ਪੁੱਛਿਆ। ਆਪ ਨੇ ਸਾਰਾ ਵਾਕਿਆ ਸੁਣਾ ਦਿੱਤਾ। ਤਦ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ ਹੈ ਕਿ ਕੌਣ ਕਹਿੰਦਾ ਹੈ ਕਿ ਮੇਰਾ ਪੁੱਤਰ ਨਿਥਾਂਵਾਂ ਹੈ? ਇਹ ਤਾਂ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਹਨ। ਹਜ਼ੂਰ ਨੇ ਰਹਿਮਤ ਕਰਕੇ ਦਾਤਾਂ

ਬਖ਼ਸ਼ਿਸ਼ ਕਰ ਦਿੱਤੀਆਂ। ਹੁਣ ਬਿਹਾਰ ਤੋਂ ਬਹੁਤ ਸਾਰੀ ਸੰਗਤ ਆਈ ਹੈ। ਉੱਥੇ ਵੈਸ਼ਨੋ ਭਗਤ ਸਨ। ਉਹ ਵੀ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੀ ਸੰਗਤ ਵਿੱਚ ਆਏ ਸਨ। ਅੱਜ ਕੱਲ ਕੁੱਪਾ ਘਾਟ ਵਿੱਚ ਉਹਨਾਂ ਦੀ ਗੱਦੀ ਹੈ।

ਸੋਈ ਆਈ ਸੰਗਤ ਨੂੰ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਦੇ ਅਤੇ ਬਾਬਾ ਦੇਵਾ ਸਿੰਘ ਜੀ ਮਹਾਰਾਜ ਦੇ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਜਿਸ ਦਿਨ ਪੂਰਨ ਸੰਤ ਦੁਨੀਆਂ ਵਿੱਚ ਅਵਤਾਰ ਲੈਂਦੇ ਹਨ ਉਸ ਦਿਨ ਖਾਸ ਬਖ਼ਸ਼ਿਸ਼ ਹੁੰਦੀ ਹੈ। ਖਾਸ ਕਰਕੇ ਅਗਰ ਸਾਡੇ ਹਜ਼ੂਰ ਅਵਤਾਰ ਨਾ ਲੈਂਦੇ ਤਦ ਸਾਡੇ ਉੱਪਰ ਬਖ਼ਸ਼ਿਸ਼ ਨਹੀਂ ਸੀ ਹੋ ਸਕਣੀ ਅਤੇ ਅਸੀਂ ਤੁਹਾਡੇ ਕੋਲ ਯਸ਼ ਨਹੀਂ ਸੀ ਕਰ ਸਰਣਾ।

ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫ਼ੁਰਮਾਨ ਕਰ ਰਹੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨੂੰ ਅਰਜਨ ਨੇ ਪੁੱਛਿਆ ਸੀ ਕਿ ਉਸ ਰੱਬ, ਪ੍ਰਭੂ, ਪ੍ਰਮਾਤਮਾ, ਅੱਲਾਹ, ਗਾਡ, ਰਾਮ ਨੂੰ ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ। ਤਦ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨੇ ਫ਼ੁਰਮਾਨ ਕੀਤਾ ਹੈ ਕਿ

*ਸਗਲ ਗੁਣਾ ਗੁਣ ਉਤਮੋ ਭਰਤਾ ਦੂਰ ਨ ਪਿਖੁ ਰੀ।*
*ਦਾਸਾ ਕੀ ਹੋਇ ਦਾਸ ਇਹ ਅਚਾਰਾ ਸਿਖੁ ਰੀ।*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਕਿ

*ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ।*
*ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ॥੧॥*

*(ਅੰਗ 400)*

ਕਿਉਂਕਿ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਸਵੈਂਅ ਭਗਵਾਨ ਸਨ। ਇਸ ਕਰਕੇ ਜੋ ਭਗਵਾਨ ਦੇ ਦਾਸ ਹਨ ਉਹਨਾਂ ਦੇ ਦਾਸ ਬਣ ਜਾਉ। ਉਂਝ ਤੁਹਾਨੂੰ ਸਿੱਧਾ ਭੇਦ ਪਤਾ ਨਹੀਂ ਚਲੇਗਾ। ਜੋ ਜੀਵ ਪ੍ਰਭੂ ਦੇ, ਵਾਹਿਗੁਰੂ ਦੇ ਦਾਸ ਹੋ ਗਏ ਹਨ ਉਹਨਾਂ ਦੇ ਦਾਸ ਬਣੋ ਫੇਰ ਹਰੀ ਦੀ ਪ੍ਰਾਪਤੀ ਹੁੰਦੀ ਹੈ। ਪਰ ਵਿੱਚੋਂ ਆਪਾਂ ਮਾਰ ਕੇ ਦਾਸ ਬਣੋ।ਐਸਾ ਨਾ ਹੋਵੇ ਕਿ ਪੜ੍ਹਾਈਆਂ, ਅਫ਼ਸਰੀਆਂ ਜਾਂ ਅਹੁਦਿਆਂ ਦਾ ਮਾਣ ਹੋਵੇ। ਬਿੱਲਕੁੱਲ ਆਪਾ ਮਾਰ ਕੇ ਦਾਸ ਬਣਨਾ ਹੈ। ਹਰ ਜੀਵ ਚਾਹੁੰਦਾ ਹੈ ਕਿ ਮੈਨੂੰ ਪ੍ਰਭੂ ਦਾ ਮਿਲਾਪ ਹੋਵੇ। ਪਰ ਜਦੋਂ ਤੱਕ ਤੁਸੀਂ ਪ੍ਰਭੂ ਦੇ ਪਿਆਰਿਆਂ ਦੇ ਦਾਸ ਨਹੀਂ ਬਣੋਗੇ ਉਦੋਂ ਤੱਕ ਪ੍ਰਭੂ ਦੀ ਪ੍ਰਾਪਤੀ ਨਹੀਂ ਹੋਵੇਗੀ।

**ਭਗਤਾ ਕਾ ਕਾਰਜੁ ਹਰਿ ਅਨੰਦੁ ਹੈ**
**ਅਨਦਿਨੁ ਹਰਿ ਗੁਣ ਗਾਈ॥**

ਕਾਰਜ ਕੰਮ ਨੂੰ ਕਹਿੰਦੇ ਹਨ। ਕਈ ਵਾਰ ਅਸੀਂ ਬੀਬੀਆਂ ਜਾਂ ਪੁਰਸ਼ ਆਪਸ ਵਿੱਚ ਪੁੱਛਦੇ ਹਾਂ ਕਿ ਅੱਜ-ਕੱਲ ਕੀ ਕੰਮ ਕਰਦੇ ਹੋ। ਅੱਗੋਂ ਕਹਿੰਦੇ ਹਾਂ ਕਿ ਅੱਜ ਕੱਲ ਅਸੀਂ ਵਿਹਲੇ ਹਾਂ ਕੋਈ ਕੰਮ ਨਹੀਂ ਹੈ। ਹਜ਼ੂਰ ਤੀਸਰੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਜੋ ਸਾਧੂ ਹਨ, ਗੁਰੂ ਪਿਆਰੇ ਹਨ ਉਹਨਾਂ ਦਾ ਕਾਰਜ ਸਿਮਰਨ ਕਰਨਾ ਅਤੇ ਅਨੰਦ ਪ੍ਰਾਪਤ ਕਰਨਾ ਹੈ।

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*

*(ਅੰਗ 917)*

ਸੋਈ ਭਗਤ ਹਮੇਸ਼ਾ ਇਹੋ ਕਹਿੰਦੇ ਹਨ ਕਿ ਅਸੀਂ ਸਿਮਰਨ ਕਰ ਰਹੇ ਹਾਂ, ਅਨੰਦ ਪ੍ਰਾਪਤ ਕਰ ਰਹੇ ਹਾਂ। ਅਸੀਂ ਸਭ ਤੋਂ ਵਧੀਆਂ ਕਾਰਜ ਕਰ ਰਹੇ ਹਾਂ। ਅਗਰ ਤੁਸੀਂ ਸਿਮਰਨ ਨਹੀਂ ਕਰ ਸਕਦੇ ਉਸ ਵਕਤ ਪਵਿੱਤਰ ਰਮਾਇਣ, ਸ੍ਰੀ ਮਦ ਭਗਵਤ ਗੀਤਾ ਲੈ ਲਉ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲੈ ਲਉ, ਪਵਿੱਤਰ ਕੁਰਾਨ ਸ਼ਰੀਫ਼, ਹੋਲੀ ਬਾਈਬਲ ਲੈ ਲਉ। ਆਪਣੇ-ਆਪਣੇ ਇਸ਼ਟ ਅਨੁਸਾਰ ਹੀ ਧਾਰਮਿਕ ਗ੍ਰੰਥ ਲੈ ਲਉ। ਜਦੋਂ ਤੁਸੀਂ ਉਸ ਧਾਰਮਿਕ ਗ੍ਰੰਥ ਦਾ ਪਾਠ ਕਰ ਰਹੇ ਹੋਵੋਗੇ ਤਦ ਜਿਸ ਤਾਕਤ ਨੇ ਉਸ ਬਾਣੀ ਦੀ ਰਚਨਾ ਕੀਤੀ ਹੈ ਉਹ ਤੁਹਾਡੇ ਕੋਲ ਹੋਣਗੇ। ਅਗਰ ਤੁਸੀਂ ਕੋਈ ਹੋਰ ਕਿਤਾਬ ਪੜ੍ਹ ਰਹੇ ਹੋ ਤਦ ਜਿਸ ਲਿਖਾਰੀ ਨੇ ਉਹ ਕਿਤਾਬ ਲਿਖੀ ਹੈ ਉਸਦੇ ਵਿਚਾਰ ਤੁਹਾਡੇ ਨਾਲ ਹੋਣਗੇ ਤੁਸੀਂ ਆਪਣੇ ਆਪ ਨੂੰ ਇੱਕਲਾ ਮਹਿਸੂਸ ਨਹੀਂ ਕਰੋਗੇ। ਆਪਣੇ ਆਪ ਨੂੰ ਜੀਵ ਉਦੋਂ ਇੱਕਲਾ ਮਹਿਸੂਸ ਕਰਦਾ ਹੈ ਜਦੋਂ ਮਨ ਦੇ ਅੜਿੱਕੇ ਚੜ੍ਹਦਾ ਹੈ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਫ਼ੁਰਮਾਨ ਕਰ ਰਹੇ ਹਨ ਕਿ ਸਾਡਾ ਫਰਜ਼ ਬਣਦਾ ਹੈ ਕਿ ਰਾਤ ਦਿਨ ਉਸ ਪ੍ਰਭੂ ਦੇ ਗੁਣ ਗਾਈਏ।

**ਸਬਦਿ ਰਤੇ ਸਦਾ ਇਕ ਰੰਗੀ**
**ਹਰਿ ਸਿਉ ਰਹੇ ਸਮਾਈ॥੧॥**

ਅਗਰ ਸਾਨੂੰ ਕੋਈ ਖੁਸ਼ੀ ਵਾਲੀ ਚੀਜ਼ ਮਿਲ ਜਾਂਦੀ ਹੈ ਫੇਰ ਅਸੀਂ ਫੁੱਲੇ ਨਹੀਂ ਸਮਾਉਂਦੇ, ਮਾਣ ਵਿੱਚ ਆ ਜਾਂਦੇ ਹਾਂ। ਅਗਰ ਸਾਡੇ ਕੰਮ ਵਿੱਚ ਰੁਕਾਵਟ ਪੈ ਜਾਂਦੀ ਹੈ। ਫੇਰ ਅਸੀਂ ਦਿਲ ਛੱਡ ਕੇ ਬੈਠ ਜਾਂਦੇ ਹਾਂ ਕਿ ਰੱਬ ਨੂੰ ਕੀ ਮੰਨਣਾ ਹੈ। ਜਿਹੜੇ ਨਹੀਂ ਮੰਨਦੇ ਹਨ ਉਹਨਾਂ ਨੂੰ ਕੀ ਹੋ ਗਿਆ ਹੈ? ਅਸੀਂ ਵੀ ਮੰਦਰ, ਚਰਚ, ਗੁਰਦੁਆਰੇ ਨਾ ਹੀ ਜਾਈਏ। ਪਰੰਤੂ ਜੋ ਗੁਰੂ ਪਿਆਰੇ ਹਨ ਉਹ ਰੁਕਾਵਟ ਪੈਣ ਉਪਰੰਤ ਸੋਚਦੇ ਹਨ ਕਿ ਇਸ ਵਿੱਚ ਵੀ ਮਾਲਿਕ ਕੋਈ ਬਿਹਤਰੀ ਕਰ ਰਹੇ ਹੋਣਗੇ। ਅਗਰ ਕੰਮ ਹੋ ਜਾਂਦਾ ਹੈ ਤਦ ਵੀ ਮਾਲਿਕ ਦਾ ਸ਼ੁਕਰਾਨਾ ਕਰਦੇ ਹਨ ਕਿ ਹਜ਼ੂਰ ਤੁਹਾਡੀ ਹੀ ਵਡਿਆਈ ਹੈ ਤੁਸੀਂ ਹੀ ਕੀਤਾ ਹੈ। ਉਹ ਨਾ ਤਾਂ ਬਹੁਤੀ ਖੁਸ਼ੀ ਵਿੱਚ ਆ ਕੇ ਮਾਨ ਅਭਿਮਾਨ ਵਿੱਚ ਫਸਦੇ ਹਨ ਅਤੇ ਨਾ ਹੀ ਦੁੱਖ ਵਿੱਚ ਆ ਕੇ ਬੇ ਭਾਵ ਹੋ ਕੇ ਡਿੱਗਦੇ ਹਨ। ਉਹ ਸਦਾ ਇੱਕੋ ਜਿਹੇ ਰੰਗ ਵਿੱਚ ਰਹਿੰਦੇ ਹਨ।

ਕਈ ਦਫ਼ਾ ਤੁਹਾਨੂੰ ਕਥਾ ਸੁਣਾਈ ਹੈ ਕਿ ਕੋਈ ਬਾਦਸ਼ਾਹ ਸੀ। ਉਹ ਜੰਗਲ ਵਿੱਚ ਸ਼ਿਕਾਰ ਖੇਡਣ ਗਿਆ ਉੱਥੇ ਉਸ ਬਾਦਸ਼ਾਹ ਦੀ ਉਂਗਲ ਕੱਟੀ ਗਈ। ਉਸ ਬਾਦਸ਼ਾਹ ਦਾ ਵਜ਼ੀਰ ਕਹਿਣ ਲੱਗਾ। ਬਾਦਸ਼ਾਹ ਸਲਾਮਤ! ਬਹੁਤ ਵਧੀਆ ਹੋਇਆ

ਜੋ ਤੁਹਾਡੀ ਉਂਗਲ ਕੱਟੀ ਗਈ ਹੈ। ਦੂਸਰਾ ਵਜ਼ੀਰ ਕਹਿਣ ਲੱਗਾ ਬਾਦਸ਼ਾਹ ਸਲਾਮਤ! ਇਹ ਤੁਹਾਡਾ ਖੈਰਖਾਹ ਨਾ ਹੋ ਕੇ ਤੁਹਾਡਾ ਦੁਸ਼ਮਣ ਹੈ ਜੋ ਉਂਗਲ ਕੱਟੀ ਜਾਣ 'ਤੇ ਕਹਿ ਰਿਹਾ ਹੈ ਕਿ ਚੰਗਾ ਹੋਇਆ ਹੈ। ਬਾਦਸ਼ਾਹ ਨੇ ਉਸ ਵਜ਼ੀਰ ਨੂੰ, ਜਿਸ ਨੇ ਕਿਹਾ ਸੀ ਚੰਗਾ ਹੋਇਆ ਹੈ, ਜੇਲ੍ਹ ਵਿੱਚ ਬੰਦ ਕਰ ਦਿੱਤਾ ਅਤੇ ਦੂਸਰੇ ਵਜ਼ੀਰ ਨੂੰ ਆਪਣੇ ਨਾਲ ਰੱਖ ਲਿਆ। ਜਦੋਂ ਵਜ਼ੀਰ ਨੂੰ ਜੇਲ੍ਹ ਵਿੱਚ ਦਿੱਤਾ ਤਦ ਉਸ ਵਜ਼ੀਰ ਨੇ ਕਿਹਾ ਬਾਦਸ਼ਾਹ ਸਲਾਮਤ! ਇਹ ਉਸ ਤੋਂ ਵੀ ਵਧੀਆ ਹੋਇਆ ਹੈ ਜੋ ਤੁਸੀਂ ਮੈਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਹੈ। ਕੁਝ ਦਿਨਾਂ ਬਾਦ ਉਹ ਬਾਦਸ਼ਾਹ ਫੇਰ ਜੰਗਲ ਵਿੱਚ ਸ਼ਿਕਾਰ ਖੇਡਣ ਗਿਆ। ਉੱਥੇ ਉਹ ਜਾਂਗਲੀਆਂ ਦੇ ਕਾਬੂ ਆ ਗਿਆ। ਉਹਨਾਂ ਨੇ ਬਲੀ ਚੜ੍ਹਾਉਣੀ ਸੀ। ਜਦੋਂ ਉਹ ਬਾਦਸ਼ਾਹ ਦੀ ਬਲੀ ਦੇਣ ਲੱਗੇ ਤਾਂ ਉਹਨਾਂ ਰਾਖਸ਼ਾਂ ਦੇ ਸਰਦਾਰ ਨੇ ਕਿਹਾ ਕਿ ਬਲੀ ਉਸ ਜੀਵ ਦੀ ਚੜ੍ਹਾਈ ਜਾਵੇ ਜੋ ਅੰਗਹੀਣ ਨਾ ਹੋਵੇ। ਉਸ ਦਾ ਕੋਈ ਅੰਗ ਕੱਟਿਆ ਨਾ ਹੋਵੇ। ਤਦ ਬਾਦਸ਼ਾਹ ਕਹਿਣ ਲੱਗਾ ਕਿ ਮੇਰੀ ਉਂਗਲ ਕੱਟੀ ਹੋਈ ਹੈ। ਉਹ ਕਹਿਣ ਲੱਗਾ ਫੇਰ ਇਸ ਨੂੰ ਛੱਡ ਦਿਉ। ਉਸ ਬਾਦਸ਼ਾਹ ਨੂੰ ਛੱਡ ਦਿੱਤਾ ਗਿਆ ਅਤੇ ਨਾਲ ਵਾਲੇ ਵਜ਼ੀਰ ਦੀ ਵਾਰੀ ਆ ਗਈ ਅਤੇ ਉਸ ਦੀ ਬਲੀ ਚੜ੍ਹਾ ਦਿੱਤੀ। ਤਦ ਬਾਦਸ਼ਾਹ ਘੋੜੇ ਤੇ ਸਵਾਰ ਹੋ ਕੇ ਵਾਪਸ ਆ ਕੇ ਸਿੱਧਾ ਜੇਲ੍ਹ ਵਿੱਚ ਉਸ ਵਜ਼ੀਰ ਕੋਲ ਗਿਆ ਅਤੇ ਕਹਿਣ ਲੱਗਾ ਕਿ ਅਗਰ ਅੱਜ ਮੇਰੀ ਉਂਗਲ ਨਾ ਕੱਟੀ ਹੁੰਦੀ ਤਦ ਮੇਰੀ ਬਲੀ ਚੜ੍ਹ ਜਾਣੀ ਸੀ। ਪਰ ਇੱਕ ਗੱਲ ਦੱਸ ਜਦੋਂ ਤੈਨੂੰ ਜੇਲ੍ਹ ਵਿੱਚ ਬੰਦ ਕੀਤਾ ਸੀ ਤੂੰ ਕਿਹਾ ਸੀ ਕਿ ਇਹ ਉਸ ਤੋਂ ਵੀ ਵਧੀਆ ਹੋਇਆ ਹੈ। ਉਸ ਦਾ ਕੀ ਭੇਦ ਸੀ? ਵਜ਼ੀਰ ਨੇ ਕਿਹਾ ਬਾਦਸ਼ਾਹ ਸਲਾਮਤ! ਅਗਰ ਅੱਜ ਮੈਂ ਤੁਹਾਡੇ ਨਾਲ ਹੁੰਦਾ ਤਦ ਮੇਰੀ ਬਲੀ ਚੜ੍ਹ ਜਾਣੀ ਸੀ। ਤੁਸੀਂ ਉਂਗਲੀ ਕੱਟੀ ਜਾਣ ਕਰਕੇ ਬਚ ਗਏ ਹੋ ਅਤੇ ਮੈਂ ਜੇਲ੍ਹ ਵਿੱਚ ਹੋਣ ਕਰਕੇ ਬਚ ਗਿਆ ਹਾਂ।

ਇਸ ਤਰ੍ਹਾਂ ਗੁਰੂ ਪਿਆਰੇ ਹਮੇਸ਼ਾ ਇੱਕ ਰੰਗ ਵਿੱਚ ਰਹਿੰਦੇ ਹਨ। ਅਗਰ ਕੁਝ ਠੀਕ ਹੋਇਆ ਤਦ ਵੀ ਹਜ਼ੂਰ ਦੀ ਮੌਜ ਹੈ ਅਗਰ ਕੰਮ ਰੁਕਿਆ ਹੈ ਤਦ ਵੀ ਮਾਲਿਕ ਦੀ ਮੌਜ ਹੈ। ਉਹ ਕਦੇ ਵੀ ਬੇ-ਭਾਵ ਨਹੀਂ ਹੁੰਦੇ।

**ਹਰਿ ਜੀਉ ਸਾਚੀ ਨਦਰਿ ਤੁਮਾਰੀ॥**

ਮਾਲਿਕ ਕੋਲ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ! ਆਪਣੀ ਮਿਹਰ ਭਰੀ ਨਦਰ ਸਾਡੇ ਉੱਪਰ ਰੱਖਿਉ, ਸੱਚੀ ਨਦਰ ਸਾਡੇ ਉੱਪਰ ਰੱਖਿਉ ਤਾਂ ਕਿ ਅਸੀਂ ਡੋਲੀਏ ਨਾ।

*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥੧॥*

*(ਅੰਗ 256)*

**ਆਪਣਿਆ ਦਾਸਾ ਨੋ ਕ੍ਰਿਪਾ ਕਰਿ ਪਿਆਰੇ**

**ਰਾਖਹੁ ਪੈਜ ਹਮਾਰੀ॥ ਰਹਾਉ॥**

ਅਗਰ ਦਾਸ ਡੋਲਨ ਲੱਗਦਾ ਹੈ ਤਦ ਆਪਣੀ ਪੈਜ ਰੱਖਦੇ ਹੋਏ ਉਸ ਉੱਪਰ ਕਿਰਪਾ ਕਰਕੇ ਉਸ ਨੂੰ ਡੋਲਨ ਤੋਂ ਬਚਾਇਉ।

**ਸਬਦਿ ਸਲਾਹੀ ਸਦਾ ਹਉ ਜੀਵਾ**

**ਗੁਰਮਤੀ ਭਉ ਭਾਗਾ॥**

ਫੇਰ ਜੀਵ ਨੂੰ ਡਰ ਹੁੰਦਾ ਹੈ ਕਿ ਆਹ ਨਾ ਹੋ ਜਾਵੇ, ਔਹ ਨਾ ਹੋ ਜਾਵੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਜਦ ਤੱਕ ਮੈਂ ਜਿਉਂਦਾ ਹਾਂ ਮੈਂ ਉਸ ਪ੍ਰਭੂ ਦੇ ਗੁਣ ਗਾਵਾਂ, ਪ੍ਰਭੂ ਦੀਆਂ ਸਿਫ਼ਤਾਂ ਕਰਾਂ। ਜੋ ਵੀ ਪ੍ਰਾਣੀ ਸਿਮਰਨ ਕਰਦੇ ਹਨ ਅਤੇ ਪ੍ਰਭੂ ਦੀ ਸਿਫ਼ਤ ਕਰਦੇ ਹਨ ਉਹਨਾਂ ਉੱਪਰ ਕੋਈ ਵੀ ਭੈਅ ਅਸਰ ਨਹੀਂ ਕਰਦਾ। ਜਿੱਥੇ ਮਾਲਿਕ ਦਾ ਭੈਅ ਆ ਜਾਂਦਾ ਹੈ ਉੱਥੇ ਦੂਜੇ ਭੈਅ ਖਤਮ ਹੋ ਜਾਂਦੇ ਹਨ। ਜਿੱਥੇ ਦੁਨਿਆਵੀ ਭੈਅ ਰੱਖਦੇ ਹਾਂ ਉੱਥੇ ਮਾਲਿਕ ਦਾ ਭੈਅ ਨਹੀਂ ਰਹਿੰਦਾ। ਇਸ ਲਈ ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਬਖ਼ਸ਼ਿਸ਼ ਕਰੋ ਕਿ ਮੈਂ ਪ੍ਰਭੂ ਦੇ ਗੁਣ ਗਾਵਾਂ ਤਾਂ ਕਿ ਮੈਨੂੰ ਜੋ ਭੈਅ ਐਵੇਂ ਹੀ ਬਣਿਆ ਰਹਿੰਦਾ ਹੈ ਮੈਂ ਉਸ ਤੋਂ ਦੂਰ ਰਹਾਂ।

**ਮੇਰਾ ਪ੍ਰਭੁ ਸਾਚਾ ਅਤਿ ਸੁਆਲਿਉ**

**ਗੁਰੁ ਸੇਵਿਆ ਚਿਤ ਲਾਗਾ॥**

ਫੇਰ ਜੀਵ ਜਿਉਂ-ਜਿਉਂ ਸਿਮਰਨ ਕਰੇਗਾ ਤਿਉਂ-ਤਿਉਂ ਉਸ ਦਾ ਗੁਰਬਾਣੀ ਨਾਲ ਚਿੱਤ ਲੱਗੇਗਾ। ਸੁਆਲਿਉ ਤੋਂ ਭਾਵ ਹੈ ਉਹ ਪ੍ਰਭੂ ਬਹੁਤ ਨਾਜ਼ੁਕ ਤਾਕਤ ਹੈ। ਉਹ ਝੱਟ ਹੀ ਰੁੱਸ ਜਾਂਦੇ ਹਨ ਅਤੇ ਝੱਟ ਹੀ ਪਿਆਰ ਕਰਦੇ ਹਨ। ਉਹ ਤਾਕਤ ਬਹੁਤ ਨਾਜ਼ੁਕ ਹੈ। ਪਰ ਜੋ ਪ੍ਰਾਣੀ ਸਿਮਰਨ ਕਰਦੇ ਹਨ ਉਹਨਾਂ ਉੱਪਰ ਉਹ ਸਦਾ ਹੀ ਬਖ਼ਸ਼ਿਸ਼ ਕਰਦੀ ਹੈ।

**ਸਾਚਾ ਸਬਦੁ ਸਚੀ ਸਚੁ ਬਾਣੀ**

**ਸੋ ਜਨੁ ਅਨਦਿਨੁ ਜਾਗਾ॥੨॥**

ਜੋ ਵੀ ਧਾਰਮਿਕ ਗ੍ਰੰਥਾਂ ਦੀ ਰਚਨਾ ਹੋਈ ਹੈ ਉਹ ਨਿਰੋਲ ਸੱਚ ਹੈ। ਉਹ

*ਆਦਿ ਸਚੁ ਜੁਗਾਦਿ ਸਚੁ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ (ਅੰਗ 1)*

ਬਾਕੀ ਜੋ ਵੀ ਦ੍ਰਿਸ਼ਟਮਾਨ ਹੈ ਉਹ ਨਾਸ਼ਵਾਨ ਹੈ। ਸੱਚਾ ਇੱਕੋ ਇੱਕ ਪ੍ਰਭੂ ਦਾ ਨਾਮ ਹੈ। ਬਾਕੀ ਸਭ ਕੂੜ ਹੈ। ਦੁਨੀਆਂ ਵਿੱਚ ਜੋ ਵੀ ਦਿਸ ਰਿਹਾ ਹੈ।

*ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥*

*(ਅੰਗ 1231)*

ਸਭ ਨਾਸ਼ਵਾਨ ਹੈ। ਸੱਚਾ ਕੇਵਲ ਪ੍ਰਭੂ ਦਾ ਨਾਮ ਹੈ।

**ਮਹਾ ਗੰਭੀਰ ਸਦਾ ਸੁਖਦਾਤਾ**

**ਤਿਸ ਕਾ ਅੰਤੁ ਨ ਪਾਇਆ॥**

*ਜੇ ਕੋ ਕਹੈ ਸੰਤ ਹਮ ਚੀਨ॥*

*ਤੁਲਸੀ ਹਾਥ ਕਾਨ ਪਰ ਦੀਨ॥*

*ਉਨਕਾ ਭੇਦ ਕੋਈ ਨਹੀਂ ਪਾਵੈ॥*

*ਚਾਹੇ ਕੋਟਨ ਜੁਗ ਸਮਾਧ ਲਗਾਵੈ॥*

ਸੰਤ ਬਹੁਤ ਗੰਭੀਰ, ਉੱਚੇ ਅਤੇ ਸੁੱਚੇ ਹੁੰਦੇ ਹਨ। ਉਹਨਾਂ ਦਾ ਕੋਈ ਭੇਦ ਨਹੀਂ ਪਾ ਸਕਦਾ। ਉਹਨਾਂ ਦੇ ਨੇੜੇ ਚਾਹੇ ਪਰਿਵਾਰ, ਭੈਣ, ਭਰਾ ਦੋਸਤ, ਮਿੱਤਰ, ਸੰਗਤ ਕਿੰਨਾ ਵੀ ਸਮਾਂ ਰਹੀ ਜਾਣ ਪਰ ਉਹਨਾਂ ਦਾ ਭੇਦ ਅਜੇ ਤੱਕ ਕੋਈ ਨਹੀਂ ਪਾ ਸਕਿਆ।

**ਪੂਰੇ ਗੁਰ ਕੀ ਸੇਵਾ ਕੀਨੀ**

**ਅਚਿੰਤੁ ਹਰਿ ਮੰਨਿ ਵਸਾਇਆ॥**

ਜੋ ਜੀਵ ਪੂਰਨ ਸੰਤਾਂ ਦੀ ਸੰਗਤ ਵਿੱਚ ਰਹਿੰਦਾ ਹੈ ਉਸਦੇ ਹਿਰਦੇ ਵਿੱਚ ਅਚਿੰਤ ਤਾਕਤ ਜਿਸ ਨੂੰ ਕੋਈ ਚਿੰਤਾ ਨਹੀਂ ਹੈ ਵਾਸਾ ਕਰ ਲੈਂਦੀ ਹੈ। ਜਿੱਥੇ ਅਚਿੰਤ ਤਾਕਤ ਵਾਸਾ ਕਰ ਲੈਂਦੀ ਹੈ ਉੱਥੇ ਜੀਵ ਦੀਆਂ ਚਿੰਤਾਵਾਂ ਆਪਣੇ ਆਪ ਦੂਰ ਹੋ ਜਾਂਦੀਆਂ ਹਨ।

**ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ**

**ਵਿਚਹੁ ਭਰਮੁ ਚੁਕਾਇਆ॥੩॥**

ਫੇਰ ਜੀਵ ਦਾ ਮਨ ਅਤੇ ਤਨ ਨਿਰਮਲ ਹੋ ਜਾਂਦਾ ਹੈ। ਅਤੇ ਇਹ ਭਰਮ ਕਿ ਮੇਰੇ ਉੱਪਰ ਕਿਸੇ ਨੇ ਟੂਣਾ ਤਾਂ ਨਹੀਂ ਕਰ ਦਿੱਤਾ ਜਾਂ ਮੇਰਾ ਆਹ ਕੰਮ ਇੰਝ ਕਿਉਂ ਹੋ ਗਿਆ।

*ਸਹਸੈ ਜੀਉ ਮਲੀਣੁ ਹੈ*

*ਕਿਤੁ ਸੰਜਮਿ ਧੋਤਾ ਜਾਏ॥*

*ਮੰਨੁ ਧੋਵਹੁ ਸਬਦਿ ਲਾਗਹੁ*

*ਹਰਿ ਸਿਉ ਰਹਹੁ ਚਿਤੁ ਲਾਇ॥ (ਅੰਗ 919)*

ਸਿਮਰਨ ਕਰਨ ਨਾਲ ਜੀਵ ਦਾ ਮਨ ਸਾਫ਼ ਹੋ ਜਾਂਦਾ ਹੈ ਅਤੇ ਸੰਸੇ ਨਵਿਰਤ ਹੋ ਜਾਂਦੇ ਹਨ।

**ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ**

**ਕੋ ਪਾਏ ਗੁਰ ਵੀਚਾਰਾ॥**

ਭਗਤੀ ਮਾਰਗ ਬਹੁਤ ਹੀ ਕਠਿਨ ਮਾਰਗ ਹੈ। ਗੁਰੂ ਦੀ ਬਾਣੀ ਉੱਪਰ ਵਿਚਾਰ ਕਰਨ ਵਾਲੇ ਹੀ ਇਸ ਮਾਰਗ ਉੱਪਰ ਚੱਲ ਸਕਦੇ ਹਨ। ਵਿਚਾਰਾ ਤੋਂ ਭਾਵ ਹੈ ਕਮਜ਼ੋਰ ਨਹੀਂ ਹੈ। ਵਿਚਾਰ ਤੋਂ ਭਾਵ ਹੈ ਕਿ ਵਿਚਾਰ ਕਰਨ ਵਾਲੇ ਲੋਕ ਇਸ ਮਾਰਗ ਉੱਪਰ ਚੱਲ ਸਕਦੇ ਹਨ।

**ਹਰਿ ਕੈ ਰੰਗਿ ਰਾਤਾ ਸਬਦੇ ਮਾਤਾ**

**ਹਉਮੈ ਤਜੇ ਵਿਕਾਰਾ॥**

ਅਗਰ ਕੋਈ ਜੀਵ ਹਰੀ ਦੇ ਰੰਗ ਵਿੱਚ ਰੰਗਿਆ ਹੋਇਆ ਹਉਮੈ ਅਤੇ ਮਾਨ ਅਭਿਮਾਨ ਨਹੀਂ ਛੱਡਦਾ ਤਦ ਸਮਝੋ ਉਸ ਉੱਪਰ ਕੋਈ ਵੀ ਰੰਗ ਨਹੀਂ ਚੜ੍ਹਿਆ। ਜਦੋਂ ਤੱਕ ਜੀਵ ਦੀ ਹਉਮੈ ਅਤੇ ਵਿਕਾਰ ਨਹੀਂ ਮਰਦੇ ਉਦੋਂ ਤੱਕ ਸਮਝੋ ਜੀਵ ਭਗਤੀ ਵਿੱਚ ਪਰਿਪੱਕ ਨਹੀਂ ਹੋਇਆ।

**ਨਾਨਕ ਨਾਮਿ ਸਦਾ ਇਕ ਰੰਗੀ**

**ਸਬਦਿ ਸਵਾਰਣਹਾਰਾ॥੪॥੩॥**

ਜੋ ਵੀ ਜੀਵ ਇੱਕ ਰੰਗ ਵਿੱਚ ਰੰਗੇ ਜਾਂਦੇ ਹਨ ਸ਼ਬਦ ਰੂਪੀ ਤਾਕਤ ਉਹਨਾਂ ਦੇ ਕਾਰਜ ਸੁਆਰਦੀ ਹੈ।

*ਸੰਤਾਂ ਨੇ ਕਾਰਜ ਆਪਿ ਖਲੋਇਆ*

*ਹਰਿ ਕੰਮੁ ਕਰਾਵਣਿ ਆਇਆ ਰਾਮ॥ (ਅੰਗ 783)*

ਸਾਧੂਆਂ, ਗੁਰੂ ਪਿਆਰਿਆਂ ਅਤੇ ਭਗਤਾਂ ਦੇ ਕਾਰਜ ਫੇਰ ਸਤਿਗੁਰ ਆਪ ਸੰਵਾਰਦੇ ਹਨ। ਫੇਰ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਫਿਕਰ ਨਹੀਂ ਰਹਿੰਦੀ। ਹਜ਼ੂਰ ਹੀ ਬਖ਼ਸ਼ਿਸ਼ ਕਰਨ ਤਦ ਜੀਵ ਭਗਤੀ ਮਾਰਗ ਵਿੱਚ ਚੱਲ ਸਕਦਾ ਹੈ।

ਸੋਈ ਹਜ਼ੂਰ ਕਿਰਪਾ ਕਰਨ। ਜਿਸ-ਜਿਸ ਸ਼ੁੱਭ ਭਾਵ ਨੂੰ ਮੁੱਖ ਰੱਖ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਦੇਸ਼ ਵਿਦੇਸ਼ ਦੀ ਸੰਗਤ ਨੇ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਧਿਆਨਪੁਰ ਵਾਲਿਆਂ ਦੇ 87 ਵੇਂ ਅਤੇ ਬਾਬਾ ਦੇਵਾ ਸਿੰਘ ਜੀ ਮਹਾਰਾਜ ਦੇ 120 ਵੇਂ ਅਵਤਾਰ ਦਿਵਸ ਦੀਆਂ ਖੁਸ਼ੀਆਂ ਲੈਂਦੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਆਏ ਹੁਕਮਨਾਮੇ ਉੱਪਰ ਯਸ਼ ਕਰਵਾਇਆ ਹੈ। ਹਜ਼ੂਰ ਸਭ ਦੀਆਂ ਸ਼ੁੱਭ ਭਾਵਨਾਵਾਂ ਕਬੂਲ ਕਰਨ। ਸਭ ਦੇ ਪਰਿਵਾਰਾਂ ਵਿੱਚ ਖੁਸ਼ੀਆਂ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖ਼ਸ਼ਦਿਆਂ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖ਼ਸ਼ੀ ਹੈ ਇਸੇ ਤਰ੍ਹਾਂ ਬਖ਼ਸ਼ੀ ਰੱਖਣ।

ਸੋਈ ਫੇਰ ਆਈ ਸੰਗਤ ਨੂੰ ਅਤੇ ਦੇਸ਼ ਵਿਦੇਸ਼ 'ਚੋਂ ਜੋ ਸੰਗਤ ਨਹੀਂ ਆ ਸਕੀ ਸਾਰਿਆਂ ਨੂੰ ਸਾਡੇ ਹਜ਼ੂਰ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਦੇ ਅਵਤਾਰ ਦਿਵਸ ਦੀ ਅਤੇ ਬਾਬਾ ਦੇਵਾ ਸਿੰਘ ਜੀ ਮਹਾਰਾਜ ਦੇ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਹਜ਼ੂਰ ਸਭ ਨੂੰ ਖੁਸ਼ੀਆਂ, ਖੇੜੇ, ਅਤੇ ਚੜ੍ਹਦੀ ਕਲਾ ਬਖਸ਼ਣ।

# ਸਤਿਸੰਗ

**ਮਾਰੂ ਸੋਲਹੇ ਮਹਲਾ ੫ ॥ (ਅੰਗ 1072)**
**ਜੈ ਜੈ ਕਾਰੁ ਜਪਹੁ ਜਗਦੀਸੈ ॥**
**ਬਲਿ ਬਲਿ ਜਾਈ ਪ੍ਰਭ ਅਪੁਨੇ ਈਸੈ ॥**

ਐੱਸ. ਜੀ. ਐੱਲ. ਜਨ ਸੇਵਾ ਕੇਂਦਰ ਗੜ੍ਹਾ, ਜਲੰਧਰ ਨਾਲ ਸੰਬੰਧਿਤ ਦੇਸ਼-ਵਿਦੇਸ਼ ਦੇ ਸਾਰੇ ਮਿਸਤਰੀ, ਸ਼ਿਲਪੀ, ਅਤੇ ਕਾਰੀਗਰ ਸਾਹਿਬਾਨ ਨੇ ਮਿਲ ਕੇ ਹਰ ਸਾਲ ਦੀ ਤਰ੍ਹਾਂ ਦਸਤਕਾਰੀ, ਸ਼ਿਲਪਕਾਰੀ ਦੇ ਪਿਤਾਮਾ ਭਗਵਾਨ ਵਿਸ਼ਕਰਮਾ ਜੀ ਦੇ ਅਵਤਾਰ ਦਿਵਸ ਦੀਆਂ ਖੁਸ਼ੀਆਂ ਲੈਣ ਲਈ ਧੁਰ ਕੀ ਬਾਣੀ ਦਾ ਓਟ ਆਸਰਾ ਲੈਂਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਵਾਇਆ ਹੈ ਜਿਸ ਦੇ ਅੱਜ ਸਵੇਰੇ ਭੋਗ ਪਾਏ ਗਏ। ਭੋਗ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ। ਇਹ 223 ਪਰਿਵਾਰ ਹਨ ਜਿਹਨਾਂ ਨੇ ਅਰਦਾਸਾਂ ਕੀਤੀਆਂ ਹਨ। ਅਸੀਂ ਬੇਨਤੀ ਕਰਦੇ ਹਾਂ ਕਿ ਇਹ ਜਰੂਰੀ ਨਹੀਂ ਹੈ ਕਿ ਕੋਈ ਪੈਦਾਇਸ਼ੀ ਕਾਰੀਗਰ ਹੋਵੇ। ਜੋ ਵੀ ਜੀਵ ਹੁਨਰ ਦੀ ਟੈਕਨੀਕ ਦੀ ਕਾਰੀਗਰੀ ਕਰਦੇ ਹਨ, ਜੋ ਕਿਸੇ ਚੀਜ ਨੂੰ ਤਰਾਸ਼ਦੇ ਹਨ ਅਗਰ ਇਹਨਾਂ ਨੂੰ ਭਗਵਾਨ ਵਿਸ਼ਕਰਮਾਂ ਜੀ ਦਾ ਵਰ ਹੋਵੇ ਤਦ ਬਹੁਤ ਵਧੀਆ ਕਾਰੀਗਰੀ ਦਿਖਾ ਸਕਦੇ ਹਨ। ਜਿੱਥੇ ਤੁਸੀਂ ਆਪਣੇ ਧਰਮ ਅਤੇ ਮਜ਼ਹਬ ਅਨੁਸਾਰ ਪਾਠ ਪੂਜਾ ਕਰਨੀ ਹੈ ਉੱਥੇ ਤੁਹਾਨੂੰ ਭਗਵਾਨ ਵਿਸ਼ਕਰਮਾ ਜੀ ਦੇ ਅਸ਼ੀਰਵਾਦ ਦੀ ਵੀ ਬੜੀ ਲੋੜ ਹੈ। ਵਾਸਤਵ ਵਿੱਚ ਉਹ ਸ਼ਬਦ ਰੂਪੀ ਤਾਕਤ ਹੀ ਕਰਤਾ ਹੈ। ਉਸਦੇ ਹੁਕਮ ਵਿੱਚ ਹੀ ਬਾਰਿਸ਼ ਪੈਂਦੀ ਹੈ, ਧੁੱਪ ਚੜ੍ਹਦੀ ਹੈ, ਹਨੇਰੀ ਆਉਂਦੀ ਹੈ, ਤੂਫ਼ਾਨ ਆਉਂਦਾ ਹੈ, ਜਵਾਲਾਮੁਖੀ ਫੱਟਦਾ ਹੈ। ਇਨਸਾਨ ਜੋ ਵੀ ਕੰਮ ਕਰਦਾ ਹੈ ਉਸ ਦਾ ਕਰਤਾ ਮਾਲਿਕ ਹੈ। ਜਦੋਂ ਕੋਈ ਜੀਵ ਕਰਤਾ ਦੀ ਭਗਤੀ ਦ੍ਰਿੜਤਾਂ ਨਾਲ ਕਰਦਾ ਹੈ ਤਦ ਕਰਤਾ ਉਸ ਜੀਵ ਦੀ ਭਗਤੀ ਨੂੰ ਸਵੀਕਾਰ ਕਰਕੇ ਮਾਨਤਾ ਦੇ ਕੇ ਬੇਨਤੀ ਕਬੂਲ ਕਰਦੇ ਹਨ। ਸੋ ਭਗਵਾਨ ਵਿਸ਼ਕਰਮਾ ਜੀ ਨੇ ਆਪਣੇ ਹੱਥੀਂ ਲੰਕਾ ਨਹੀਂ ਸੀ ਬਣਾਈ। ਉਸ ਨੇ ਸ਼ਬਦ ਰੂਪੀ ਤਾਕਤ ਦੀ ਅਰਾਧਨਾ ਕੀਤੀ ਸੀ ਅਤੇ ਕਰਤੇ ਨੂੰ ਬੇਨਤੀ ਕੀਤੀ ਸੀ ਕਿ ਹਜ਼ੂਰ ਮੇਰੀ ਲਾਜ ਰੱਖੋ ਅਤੇ ਇਹ ਸਾਰਾ ਕਾਰਜ ਆਪ ਹੀ ਕਰੋ। ਤਦ ਉਹ ਸਾਰੇ ਕਾਰਜ ਆਪਣੇ ਆਪ ਹੀ ਹੋਣੇ ਸਨ।

ਇੱਕ ਵਾਰ ਸ਼ਿਵ ਜੀ ਮਹਾਰਾਜ ਅਤੇ ਮਾਤਾ ਪਾਰਬਤੀ ਜੀ ਬੈਠੇ ਸਨ। ਮਾਤਾ ਪਾਰਬਤੀ ਜੀ ਕਹਿਣ ਲੱਗੇ ਕਿ ਤੁਹਾਨੂੰ ਮਿਲਣ ਵਾਲੇ ਲੋਕ ਬਹੁਤ ਤੰਗ ਕਰਦੇ ਹਨ ਅਤੇ ਸਾਨੂੰ ਪਰਿਵਾਰਕ ਤੌਰ ਤੇ ਬੈਠ ਕੇ ਗੱਲਬਾਤ ਕਰਨ ਦਾ ਸਮਾਂ ਨਹੀਂ ਮਿਲਦਾ। ਆਪਾਂ ਕਿਸੇ ਐਸੀ ਥਾਂ ਘਰ ਬਣਾਈਏ ਜਿੱਥੇ ਸਾਨੂੰ ਮਿਲਣ ਵਾਲੇ ਘੱਟ ਆਉਣ। ਜਿੰਨਾ ਵੀ ਸਾਧੂ ਸਮਾਜ ਹੁੰਦਾ ਹੈ ਉਹਨਾਂ ਦੇ ਪਰਿਵਾਰ ਵਾਲੇ ਸੋਚਦੇ ਹਨ ਕਿ ਅਸੀਂ ਕੋਈ ਪਰਿਵਾਰਿਕ ਤੌਰ ਤੇ

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸੁਰ ਗ੍ਰਿਹਸਤ ਮਹਿ ਭੋਗੀ ॥ (ਅੰਗ 284)*

ਕੋਈ ਕਾਰ ਵਿਹਾਰ ਕਰੀਏ। ਮਾਤਾ ਪਾਰਬਤੀ ਜੀ ਦੇ ਬਚਨ ਮੰਨ ਕੇ ਸ਼ਿਵ ਜੀ ਮਹਾਰਾਜ ਨੇ ਸਮੁੰਦਰ ਵਿੱਚ ਐਸੀ ਜਗ੍ਹਾ ਚੁਣੀ ਜਿੱਥੇ ਕੋਈ ਪੁਲ ਨਹੀਂ ਸੀ, ਉੱਥੇ ਜਾਣਦਾ ਕੋਈ ਸਾਧਨ ਨਹੀਂ ਸੀ। ਉੱਥੇ ਨਾ ਹੀ ਕੋਈ ਬਹੁਤਾ ਆਵੇ ਨਾ ਜਾਵੇ ਅਤੇ ਅਸੀਂ ਬੈਠ ਕੇ ਗ੍ਰਿਹਸਤੀ ਜੀਵਨ ਅਤੇ ਪਰਿਵਾਰਿਕ ਜੀਵਨ ਬਤੀਤ ਕਰੀਏ। ਉਸ ਮਕਾਨ ਨੂੰ ਬਣਾਓਣ ਤੋਂ ਪਹਿਲਾਂ ਸ਼ਿਵ ਜੀ ਮਹਾਰਾਜ ਪੰਜ ਛੇ ਦਫ਼ਾ ਭਗਵਾਨ ਵਿਸ਼ਕਰਮਾ ਜੀ ਕੋਲ ਗਏ ਕਿ ਭਗਵਾਨ ਵਿਸ਼ਕਰਮਾ ਜੀ ਚਲੋ ਅਤੇ ਸਾਨੂੰ ਰਹਿਣ ਵਾਸਤੇ ਘਰ ਬਣਾ ਦਿਉ। ਜਦੋਂ ਕਾਫ਼ੀ ਚੱਕਰ ਲਗਵਾਉਣ ਤੋਂ ਬਾਅਦ ਭਗਵਾਨ ਵਿਸ਼ਕਰਮਾ ਜੀ ਗਏ ਅਤੇ ਪੁੱਛਆ ਕਿ ਕੀ ਬਣਾਉਣਾ ਹੈ ? ਤਦ ਮਾਤਾ ਪਾਰਬਤੀ ਜੀ ਨੇ ਕਿਹਾ ਕਿ ਅਸੀਂ ਸਮੁੰਦਰ ਵਿੱਚ ਘਰ ਬਣਾਉਣਾ ਹੈ। ਵਿਸ਼ਕਰਮਾ ਜੀ ਨੇ ਮਾਤਾ ਪਾਰਬਤੀ ਜੀ ਅਤੇ ਸ਼ਿਵ ਜੀ ਮਹਾਰਾਜ ਨੂੰ ਕਿਹਾ ਕਿ ਤੁਸੀਂ ਅੱਗੇ ਅੱਗੇ ਤੁਰੇ ਜਾਇਉ ਅਤੇ ਦੱਸੀ ਜਾਇਉ ਕਿ ਕਿਸ ਤਰ੍ਹਾਂ ਦਾ ਭਵਨ ਬਣਾਉਣਾ ਹੈ। ਪਰ ਤੁਸੀਂ ਪਿੱਛੇ ਮੁੜ ਕੇ ਨਾ ਦੇਖਿਉ। ਅਗਰ ਤੁਸੀਂ ਪਿੱਛੇ ਮੁੜ ਕੇ ਦੇਖਿਆ ਤਦ ਘਰ ਬਣਨਾ ਉੱਥੇ ਹੀ ਬੰਦ ਹੋ ਜਾਵੇਗਾ। ਮਾਤਾ ਪਾਰਬਤੀ ਜੀ ਅਤੇ ਸ਼ਿਵ ਜੀ ਮਹਾਰਾਜ ਅੱਗੇ ਅੱਗੇ ਅਤੇ ਭਗਵਾਨ ਵਿਸ਼ਕਰਮਾ ਜੀ ਪਿੱਛੇ ਜਾ ਰਹੇ ਸਨ। ਮਾਤਾ ਜੀ ਦੇ ਮਨ ਵਿੱਚ ਆਇਆ ਕਿ ਅਸੀਂ ਅੱਗੇ-ਅੱਗੇ ਗੱਲਾਂ ਕਰਦੇ ਤੁਰੇ ਜਾ ਰਹੇ ਹਾਂ ਭਲਾ ਦੇਖਾਂ ਤਾਂ ਸਹੀ ਪਿੱਛੇ ਕੁਝ ਬਣ ਵੀ ਰਿਹਾ ਹੈ ਜਾਂ ਨਹੀਂ। ਜਦੋਂ ਉਹਨਾਂ ਨੇ ਪਿੱਛੇ ਮੁੜ ਕੇ ਦੇਖਿਆ ਤਦ ਉਹ ਕੰਮ ਉੱਥੇ ਹੀ ਰੁੱਕ ਗਿਆ। ਸ਼ਿਵ ਜੀ ਮਹਾਰਾਜ ਹੱਸ ਕੇ ਕਹਿਣ ਲੱਗੇ ਭਗਵਾਨ ਵਿਸ਼ਕਰਮਾ ਜੀ ! ਅਗਰ ਇਹ ਭਵਨ ਐਨਾ ਸੋਖਾ ਬਣਨਾ ਸੀ ਫੇਰ ਤੁਸੀਂ ਮੈਨੂੰ ਪੰਜ ਛੇ ਚੱਕਰ ਕਿਉਂ ਲਗਵਾਏ। ਇੱਕ ਪਾਸੇ ਤੁਸੀਂ ਮੈਨੂੰ ਭਗਵਾਨ ਮਨ ਕੇ ਮੇਰੀ ਪੂਜਾ ਕਰਦੇ ਹੋ। ਇਹ ਕੀ ਕਾਰਨ ਹੈ ? ਉਹ ਕਹਿਣ ਲੱਗੇ ਅਗਰ ਕਿਤੇ ਮਿਸਤਰੀ ਪਹਿਲੇ ਦਿਨ ਹੀ ਆ ਕੇ ਕੰਮ ਕਰ ਦੇਣ ਫੇਰ ਲੋਕ ਉਸ ਦੀ ਕਦਰ ਨਹੀਂ ਕਰਦੇ। ਅਗਰ ਮਿਸਤਰੀ ਬਹਾਨੇ ਬਣਾਉਣ ਕਿ ਮੈਨੂੰ ਵਿਹਲ ਨਹੀਂ ਹੈ, ਅੱਜ ਦੀਵਾਲੀ ਹੈ, ਜਨਮ ਅਸ਼ਟਮੀ ਹੈ, ਲੋਹੜੀ ਦਾ ਤਿਉਹਾਰ ਹੈ, ਅੱਜ ਈਦ ਹੈ, ਬਕਰੀਦ ਹੈ ਕਹਿ ਕੇ ਪੰਜ ਸੱਤ ਚੱਕਰ ਲਗਾਉਣ ਤਦ ਮਿਸਤਰੀ ਦਾ ਬਹੁਤ ਸਤਿਕਾਰ ਹੁੰਦਾ ਹੈ। ਤਦ ਸ਼ਿਵ ਜੀ ਮਹਾਰਾਜ ਹੱਸ ਕੇ ਕਹਿਣ ਲੱਗੇ ਅੱਛਾ ! ਤੁਹਾਨੂੰ ਗੇੜੇ ਲਗਵਾ ਕੇ ਮਜਾ ਆਇਆ ਹੈ ਨਾ। ਹੁਣ ਲੋਕ ਵੀ ਮਕਾਨ ਬਣਾ ਲਿਆ ਕਰਨਗੇ ਪਰ ਮਿਸਤਰੀ ਨੂੰ ਪੈਸੇ ਦੇਣ ਲੱਗਿਆਂ ਗੇੜੇ ਜਰੂਰ ਮਰਵਾਇਆ ਕਰਨਗੇ ਕਿ ਹੁਣ ਪੈਸੇ ਨਹੀਂ ਹਨ,

ਕਣਕ ਤੋਂ ਲੈ ਲਵੀਂ, ਝੋਨੇ ਤੋਂ ਲੈ ਲਵੀਂ, ਅਜੇ ਪੈਸੇ ਘੱਟ ਹਨ, ਪੱਥਰ ਲਾਉਣ ਤੇ ਖਰਚ ਹੋ ਗਏ ਹਨ। ਇਸੇ ਕਰਕੇ ਚਾਹੇ ਕੋਈ ਕਿੰਨਾ ਵੀ ਅਮੀਰ ਹੋਵੇ ਮਿਸਤਰੀਆਂ ਨੂੰ ਗੇੜੇ ਲਗਵਾ ਕੇ ਹੀ ਪੈਸੇ ਦਿੰਦੇ ਹਨ ਅਤੇ ਮਿਸਤਰੀ ਨੂੰ ਕਹਿੰਦੇ ਰਹਿੰਦੇ ਹਨ ਕਿ ਤੂੰ ਐਥੋਂ ਫਰਸ਼ ਉੱਚਾ ਕਰ ਦਿੱਤਾ ਹੈ ਐਤੋਂ ਨੀਵਾਂ ਕਰ ਦਿੱਤਾ ਹੈ ਹੁਣ ਸਿੱਧਾ ਕਰ, ਟੇਢਾ ਕਰ। ਇਹ ਸਾਰੀਆਂ ਗੱਲਾਂ ਇਤਿਹਾਸਿਕ ਹਨ।

ਫੇਰ ਜਦੋਂ ਸ਼ਿਵ ਜੀ ਮਹਾਰਾਜ ਨੇ ਗ੍ਰਹਿ ਪ੍ਰਵੇਸ਼ ਕਰਵਾਇਆ ਅਤੇ ਹਵਨ ਕਰਵਾਏ। ਸਾਰੇ ਪੰਡਿਤਾਂ ਨੂੰ ਦਾਅਵਤ ਦਿੱਤੀ ਗਈ ਕਿ ਆ ਕੇ ਸ਼ਾਮਿਲ ਹੋਵੋ। ਰਾਵਣ ਵੇਦਾਂ ਦਾ ਗਿਆਤਾ ਸੀ। ਉਹ ਪੁੱਛਣ ਲੱਗਾ ਕਿ ਤੁਸੀਂ ਸਾਨੂੰ ਸੱਦਿਆ ਹੈ ਕੀ ਤੁਸੀਂ ਸਾਨੂੰ ਦੱਛਣਾ ਦੇਵੋਗੇ ? ਸ਼ਿਵ ਜੀ ਮਹਾਰਾਜ ਨੇ ਕਿਹਾ ਅਸੀਂ ਦੱਛਣਾ ਜਰੂਰ ਦੇਵਾਂਗੇ। ਕਿਉਂਕਿ ਪਹਿਲਾਂ ਜਦੋਂ ਗ੍ਰਹਿ ਪ੍ਰਵੇਸ਼ ਕਰਵਾਇਆ ਜਾਂਦਾ ਸੀ ਉਦੋਂ ਪੰਡਿਤਾਂ ਨੂੰ ਕੰਬਲ, ਪੈਸੇ, ਕੱਪੜੇ ਆਦਿ ਦਿੱਤੇ ਜਾਂਦੇ ਸਨ। ਇਸੇ ਤਰ੍ਹਾਂ ਮਾਤਾ ਪਾਰਬਤੀ ਜੀ ਨੇ ਵੀ ਸਾਰੇ ਪੰਡਿਤਾਂ ਨੂੰ ਲੋਈਆਂ, ਕੰਬਲ, ਵਸਤਰ, ਸੋਨੇ ਦੀਆਂ ਮੁੰਦਰੀਆਂ ਆਦਿ ਦਿੱਤੀਆਂ। ਜਦੋਂ ਮਾਤਾ ਜੀ ਰਾਵਣ ਕੋਲ ਗਏ ਤਾਂ ਉਹਨਾਂ ਨੇ ਕਿਹਾ ਕਿ ਤੁਸੀਂ ਭਗਵਾਨ ਸ਼ਿਵ ਜੀ ਮਹਾਰਾਜ ਨੂੰ ਸਾਡੇ ਕੋਲ ਲੈ ਆਉ। ਜਦੋਂ ਸ਼ਿਵ ਜੀ ਮਹਾਰਾਜ ਆਏ ਤਦ ਰਾਵਣ ਨੇ ਕਿਹਾ ਭਗਵਾਨ ! ਤੁਸੀਂ ਐਨੇ ਕਰਾਮਾਤੀ ਹੋ। ਤੁਹਾਡੇ ਕਹਿਣ ਤੇ ਭਗਵਾਨ ਵਿਸ਼ਕਰਮਾ ਜੀ ਨੇ ਭਵਨ ਬਣਾ ਦਿੱਤਾ ਹੈ। ਤੁਸੀਂ ਇਹ ਭਵਨ ਮੈਨੂੰ ਦੱਛਣਾ ਵਿੱਚ ਦੇ ਦਿਉ ਅਤੇ ਆਪ ਹੋਰ ਘਰ ਬਣਵਾ ਲਉ। ਸ਼ਿਵ ਜੀ ਮਹਾਰਾਜ ਮਾਤਾ ਪਾਰਬਤੀ ਜੀ ਵੱਲ ਦੇਖ ਕੇ ਹੱਸ ਪਏ ਕਿ ਬਣਾ ਲੈ ਘਰ ਪਹਿਲਾਂ ਹੀ ਘਰ ਬਣਾਇਆ ਉਹ ਦੱਛਣਾ ਵਿੱਚ ਚਲਾ ਗਿਆ। ਰਾਵਣ ਨੇ ਸਾਰੀ ਲੰਕਾ ਦੱਛਣਾ ਵਿੱਚ ਹੀ ਲਈ ਸੀ। ਤੁਸੀਂ ਦੇਖੋ ਸ੍ਰੀ ਹਰਿਮੰਦਿਰ ਸਾਹਿਬ ਬਣਿਆ ਹੈ। ਉਸ ਉੱਪਰ ਸੋਨਾ ਚੜ੍ਹਿਆ ਹੈ ਅਤੇ ਕਿੰਨਾ ਪੈਸਾ ਲੱਗਾ ਹੈ। ਸਾਰੀ ਹੀ ਲੰਕਾ ਅਤੇ ਉਸ ਦੀ ਚਾਰਦੀਵਾਰੀ ਸੋਨੇ ਦੀ ਬਣੀ ਹੋਈ ਸੀ। ਸੋਈ ਉਸ ਭਗਵਾਨ ਵਿਸ਼ਕਰਮਾ ਜੀ ਦੀ ਜੋ ਵੀ ਜੀਵ ਅਰਾਧਨਾ ਕਰਦੇ ਹਨ। ਉਹਨਾਂ ਦੇ ਕਾਰਜ ਹਜ਼ੂਰ ਸੰਪੂਰਨ ਕਰਦੇ ਹਨ। ਕਈ ਵਾਰ ਚੰਗੀ ਭਲੀ ਚੱਲਦੀ ਮਸ਼ੀਨਰੀ ਦਾ ਅਗਰ ਕੋਈ ਨਟ ਥੋੜ੍ਹਾ ਜਿਹਾ ਜਿਆਦਾ ਕੱਸਿਆ ਜਾਵੇ ਤਦ ਵੀ ਗੱਡੀ ਵਿੱਚੋਂ ਨੁਕਸ ਦੇ ਸਾਈਨ ਆਉਣ ਲੱਗ ਪੈਂਦਾ ਹੈ ਅਗਰ ਨੱਟ ਥੋੜ੍ਹਾ ਜਿਹਾ ਢਿੱਲਾ ਰਹਿ ਜਾਵੇ ਤਦ ਵੀ ਸਾਈਨ ਆਉਣ ਲੱਗ ਪੈਂਦਾ ਹੈ। ਕਈ ਵਾਰ ਟਰੈਕਟਰਾਂ ਜਾਂ ਮਸ਼ੀਨਾਂ ਵਾਲੇ ਜਦੋਂ ਕੰਮ ਕਰਦੇ ਹਨ ਅਤੇ ਛੋਟਾ ਮੋਟਾ ਨੁਕਸ ਪੈ ਜਾਂਦਾ ਹੈ ਤਾਂ ਉਸ ਦਾ ਪਤਾ ਨਹੀਂ ਲੱਗਦਾ। ਮਿਸਤਰੀ ਆਉਂਦਾ ਹੈ। ਉਹ ਚਾਰ ਚੁਫੇਰੇ ਘੁੰਮ ਕੇ ਦੇਖਦਾ ਹੈ। ਜਿਹੜਾ ਸੱਚਾ ਮਿਸਤਰੀ ਹੁੰਦਾ ਹੈ ਉਹ ਉਸ ਵਕਤ ਭਗਵਾਨ ਵਿਸ਼ਕਰਮਾ ਜੀ ਦਾ ਆਸਰਾ ਜਰੂਰ ਲੈਂਦਾ ਹੈ ਕਿ ਭਗਵਾਨ ਜੀ ਮੇਰੀ ਲਾਜ ਰੱਖਿਉ ਤੁਸੀਂ ਕੰਮ ਠੀਕ ਕਰਿਉ।

ਸਾਡੇ ਕੋਲ ਕਈ ਐਸੇ ਮਿਸਤਰੀ ਆਉਂਦੇ ਹਨ। ਕੁਝ ਬਾਹਰ ਅਮਰੀਕਾ ਵਿੱਚ ਗਏ ਹਨ। ਉਹ ਕਹਿੰਦੇ ਹਨ ਕਿ ਜਦੋਂ ਸਾਨੂੰ ਕਿਸੇ ਨੇ ਸੱਦਿਆ ਤਾਂ ਅਸੀਂ ਅਰਦਾਸ ਕਰਨੀ ਕਿ ਸੱਚੇ ਪਾਤਿਸ਼ਾਹੋ ! ਮੈਂ ਕੋਈ ਮਿਸਤਰੀ ਨਹੀਂ ਹਾਂ। ਹੁਣ ਜਿੰਨੇ ਜੀਵ ਇੱਥੋਂ ਜਾਂਦੇ ਹਨ ਨਾ ਇਹਨਾਂ ਨੇ ਵੈਲਡਿੰਗ ਸਿੱਖੀ ਹੁੰਦੀ ਹੈ ਨਾ ਹੀ ਜਾਲ ਬੰਨਣੇ ਸਿੱਖੇ ਹੁੰਦੇ ਹਨ ਨਾ ਹੀ ਹੋਰ ਕੋਈ ਕੰਮ ਸਿੱਖਿਆ ਹੁੰਦਾ ਹੈ। ਸਾਰੇ ਹੀ ਇੱਥੋਂ ਬਾਹਰ ਜਾ ਕੇ ਹੀ ਸਿੱਖਦੇ ਹਨ। ਜਾਂ ਫੇਰ ਬਿਹਾਰ ਦੇ ਭਈਏ ਲੇਬਰ ਕਰਨ ਆਉਂਦੇ ਹਨ ਫੇਰ ਮਿਸਤਰੀ ਬਣ ਜਾਂਦੇ ਹਨ। ਇਸ ਤਰ੍ਹਾਂ ਕਰਤਵ ਹੁਨਰ ਬਣ ਜਾਂਦਾ ਹੈ। ਕਈ ਜੀਵਾਂ ਨੇ ਆ ਕੇ ਦੱਸਿਆ ਕਿ ਜਦੋਂ ਅਰਦਾਸ ਕੀਤੀ ਤਦ ਸਾਨੂੰ ਅੰਦਰੋਂ ਅਵਾਜ ਆਈ ਕਿ ਫਲ੍ਹਾਣੇ ਨਟ ਨੂੰ ਥੋੜ੍ਹਾ ਜਿਹਾ ਢਿੱਲਾ ਕਰਦੇ। ਨਟ ਢਿੱਲਾ ਕਰਨ ਤੋਂ ਬਾਦ ਦੋ ਚਾਰ ਮਿੰਟ ਐਵੇਂ ਹੀ ਚਾਰ ਚੁਫੇਰੇ ਘੁੰਮ ਕੇ ਚਾਬੀ ਮਰੋੜਦਾ ਰਹੀਂ ਅਰਥਾਤ ਕਦੇ ਕੱਸ ਦੇਵੀਂ। ਕਦੇ ਢਿੱਲਾ ਕਰ ਦੇਵੀਂ ਪਰ ਕੰਮ ਤੇਰਾ ਫਲ੍ਹਾਣੇ ਨਟ ਨੂੰ ਢਿੱਲਾ ਕਰਨ ਨਾਲ ਹੋ ਜਾਣਾ ਹੈ। ਉਹ ਕਹਿਣ ਲੱਗਾ ਜਦੋਂ ਮੈਂ ਨਟ ਨੂੰ ਢਿੱਲਾ ਕਰਕੇ ਚਾਰ-ਚੁਫੇਰੇ ਘੁੰਮ ਕੇ ਮਸ਼ੀਨ ਚਾਲੂ ਕੀਤੀ ਤਾਂ ਮਸ਼ੀਨ ਚਾਲੂ ਹੋ ਗਈ ਅਤੇ ਉਥੇ ਮੇਰੀ ਬੱਲੇ-ਬੱਲੇ ਹੋ ਗਈ ਕਿ ਬੜਾ ਕਾਰੀਗਰ ਮਿਸਤਰੀ ਹਿੰਦੁਸਤਾਨ ਤੋਂ ਆਇਆ ਹੈ। ਉਹ ਕਹਿਣ ਲੱਗਾ ਫੇਰ ਮੈਂ ਅਰਦਾਸ ਕਰਨੀ ਕਿ ਸੱਚੇ ਪਾਤਿਸ਼ਾਹੋ ਐਥੋਂ ਮੇਰੀ ਖਲਾਸੀ ਹੋ ਜਾਵੇ ਅਗਰ ਫੇਰ ਕੋਈ ਹੋਰ ਦੀ ਮਸ਼ੀਨ ਖਰਾਬ ਹੋ ਗਈ ਤਦ ਮੈਂ ਕੀ ਕਰਾਂਗਾ। ਵਾਸਤਵ ਵਿੱਚ ਸਾਡਾ ਇਹ ਸਾਰਾ ਕੁਝ ਦੱਸਣ ਦਾ ਮਤਲਬ ਇਹ ਹੈ ਕਿ ਜਿਸ ਵੀ ਸ਼ਕਤੀ ਦੇ ਪਾਸ ਹੁਨਰ ਹੈ ਅਗਰ ਅਸੀਂ ਉਸ ਦਾ ਆਸਰਾ ਲੈ ਕੇ ਤੁਰਦੇ ਹਾਂ ਤਦ ਸਾਨੂੰ ਕਾਮਯਾਬੀ ਮਿਲਦੀ ਹੈ, ਬਲ ਮਿਲਦਾ ਹੈ, ਸਹਾਇਤਾ ਮਿਲਦੀ ਹੈ।

ਪਿਛਲੇ ਸਮੇਂ ਵਿੱਚ ਰਾਮਗੜੀਆ ਬਰਾਦਰੀ ਵਾਲੇ ਜਾਂ ਲੁਹਾਰ ਇੰਜਨੀਅਰਿੰਗ ਕਰਦੇ ਸਨ ਪਰ ਅੱਜਕੱਲ ਸਾਰੇ ਹੀ ਇੰਜਨੀਅਰਿੰਗ ਕਰ ਰਹੇ ਹਨ। ਹੋਰ ਵੀ ਜਿੰਨੇ ਸਕੂਟਰ, ਕਾਰਾਂ, ਮੋਟਰਸਾਈਕਲ ਚਲਾਉਂਦੇ ਹੋ ਅਗਰ ਕਿਤੇ ਤੁਹਾਡਾ ਵਾਹਨ ਖਰਾਬ ਹੋ ਜਾਂਦਾ ਹੈ ਤਦ ਮਾਲਿਕ ਕੋਲ ਅਰਦਾਸ ਕਰੋ ਕਿ ਹਜ਼ੂਰ ਮੈਨੂੰ ਦਿਖਾਉ ਕਿ ਇਸ ਵਿੱਚ ਕੀ ਨੁਕਸ ਪਿਆ ਹੈ। ਕਈ ਦਫ਼ਾ ਕੁਝ ਵੀ ਨਹੀਂ ਹੋਇਆ ਹੁੰਦਾ। ਕਈ ਵਾਰ ਸਕੂਟਰ ਸਟਾਰਟ ਕਰਨ ਲੱਗਿਆਂ ਜੀਵ ਤੇਲ ਛੱਡਣਾ ਭੁੱਲ ਜਾਂਦੇ ਹਨ ਅਤੇ ਦੋ ਚਾਰ ਕਦਮ ਅੱਗੇ ਜਾ ਕੇ ਸਕੂਟਰ ਬੰਦ ਹੋ ਜਾਂਦਾ ਹੈ ਅਤੇ ਜੀਵ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਕਿੰਨੀ ਦੇਰ ਪਤਾ ਨਹੀਂ ਲੱਗਦਾ ਕਿ ਸਕੂਟਰ ਦਾ ਤੇਲ ਆਨ ਨਹੀਂ ਕੀਤਾ। ਪਰ ਜੇਕਰ ਮਾਲਿਕ ਕ੍ਰਿਪਾ ਕਰਨ ਸਕੂਟਰ ਚਲਦਿਆਂ ਹੀ ਜਦੋਂ ਝਟਕੇ ਵੱਜਦੇ ਹਨ ਉਦੋਂ ਹੀ ਜੀਵ ਤੇਲ ਆਨ ਕਰ ਲੈਂਦਾ ਹੈ। ਪਰ ਜੇਕਰ ਮਾਲਿਕ ਕਿਰਪਾ ਨਾ ਕਰਨ ਤਦ ਜੀਵ ਸਕੂਟਰ ਦੇ ਚਾਰ ਚੁਫੇਰੇ ਹੀ ਚੱਕਰ ਲਾਈ ਜਾਂਦਾ ਰਹਿੰਦਾ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਇਸ ਹੁਕਮਨਾਮੇ ਵਿੱਚ ਫ਼ੁਰਮਾਨ ਕਰ ਰਹੇ ਹਨ ਕਿ ਅਸੀਂ ਕਿਹੜਾ ਤਰੀਕਾ ਅਪਨਾਈਏ ਜਿਸ ਨਾਲ ਹਮੇਸ਼ਾ ਹੀ ਭਗਵਾਨ

ਵਿਸ਼ਕਰਮਾ, ਅਕਾਲ ਪੁਰਖ, ਵਾਹਿਗੁਰੂ, ਧੁਰ ਕੀ ਬਾਣੀ, ਸ਼ਬਦ ਰੂਪੀ ਤਾਕਤ ਸਾਡੀ ਸਹਾਇਤਾ ਕਰੇ। ਅਗਰ ਅਸੀਂ ਹਜ਼ੂਰ ਦੀ ਦੱਸੀ ਹੋਈ ਜੁਗਤੀ ਦੁਆਰਾ ਕੰਮ ਕਰਾਂਗੇ ਫੇਰ ਹਜ਼ੂਰ ਖੁਸ਼ੀਆਂ ਬਖਸ਼ਦੇ ਆਏ ਹਨ ਅਤੇ ਅਗਾਂਹ ਵੀ ਬਖਸ਼ਦੇ ਰਹਿਣਗੇ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਨੇ ਉਸ ਤਾਕਤ ਨੂੰ ਦੋ ਨਾਵਾਂ ਨਾਲ ਪੁਕਾਰਿਆ ਹੈ। ਇੱਕ ਜਗਦੀਸੈ ਅਤੇ ਇੱਕ ਈਸੈ। ਜਗਦੀਸੈ ਭਾਵ ਜਗ ਦੀ ਰਚਨਾ ਕਰਨ ਵਾਲੇ ਕਰਤਾ, ਕਰਨਹਾਰ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਐਸਾ ਨਹੀਂ ਹੈ ਕਿ ਤੁਸੀਂ ਭਗਵਾਨ ਵਿਸ਼ਕਰਮਾ ਜੀ ਨੂੰ ਹੀ ਸਭ ਕੁਝ ਮੰਨ ਲੈਣਾ ਹੈ। ਜਿਸ ਤਾਕਤ ਨੇ ਦੁਨੀਆਂ ਦੀ ਅਤੇ ਭਗਵਾਨ ਵਿਸ਼ਕਰਮਾ ਜੀ ਦੀ ਰਚਨਾ ਕੀਤੀ ਹੈ ਤੁਸੀਂ ਉਸ ਤਾਕਤ ਦੀ ਜੈ-ਜੈ ਕਾਰ ਕਰਨੀ ਹੈ। ਤੁਸੀਂ ਸਿੱਖ ਧਰਮ ਦੀ ਹੀ ਉਦਾਹਰਨ ਹੈ ਲਉ। ਤੁਸੀਂ ਸ੍ਰੀ ਹਰਿਮੰਦਰ ਸਾਹਿਬ ਜੀ ਜਾਉ ਉੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਰਚਨਾ ਕੀਤੀ ਗਈ ਹੈ। ਉਹ ਸਿੱਖਾਂ ਦਾ ਸਭ ਤੋਂ ਉੱਤਮ ਸਥਾਨ ਗਿਣਿਆ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਦੋ ਝੰਡੇ (ਨਿਸ਼ਾਨ ਸਾਹਿਬ) ਚੜ੍ਹਾਏ ਗਏ। ਇੱਕ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲ ਹੈ ਅਤੇ ਦੂਸਰਾ ਸ੍ਰੀ ਹਰਿਮੰਦਰ ਸਾਹਿਬ ਜੀ ਵੱਲ ਹੈ। ਉਹਨਾਂ ਦੋਹਾਂ ਨਿਸ਼ਾਨ ਸਾਹਿਬਾਂ ਦੀ ਉਚਾਈ ਵਿੱਚ ਪੰਦਰਾਂ ਇੰਚ ਅਰਥਾਤ ਸਵਾ ਫੁੱਟ ਦਾ ਅੰਤਰ ਹੈ। ਜਿਹੜਾ ਅਕਾਲ ਤਖ਼ਤ ਸਾਹਿਬ ਜੀ ਵਾਲੇ ਪਾਸੇ ਨਿਸ਼ਾਨ ਸਾਹਿਬ ਹੈ ਉਹ ਦੂਸਰੇ ਨਾਲੋਂ ਸਵਾ ਫੁੱਟ ਨੀਂਵਾ ਹੈ। ਉਸ ਦਾ ਭਾਵ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਜੀ ਸਰਵ ਉੱਚ ਜਗ੍ਹਾ ਹੈ ਪਰ ਗੁਰਬਾਣੀ ਤੋਂ ਉੱਚੀ ਨਹੀਂ ਹੈ। ਇਸ ਕਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਵਾਲੇ ਪਾਸੇ ਦਾ ਨਿਸ਼ਾਨ ਸਾਹਿਬ ਪੰਦਰਾਂ ਇੰਚ ਉੱਚਾ ਹੈ। ਲਕਸ਼ ਇਹ ਹੈ ਕਿ ਚਾਹੇ ਕਿੰਨੇ ਵੀ ਤਖਤ ਬਣ ਜਾਣ, ਗੁਰਬਾਣੀ ਸਭ ਤੋਂ ਉੱਚੀ ਹੈ। ਉਸ ਸ਼ਬਦ ਰੂਪੀ ਤਾਕਤ ਨੇ ਇਹਨਾਂ ਤਖਤਾਂ ਦੀ ਰਚਨਾ ਕੀਤੀ, ਇਸ ਕਰਕੇ ਉਸ ਰਚਨਹਾਰ ਤਾਕਤ ਜਗਦੀਸੈ ਦੀ ਜੈ ਜੈ ਕਾਰ ਕਰੋ। ਇਸ ਦਾ ਭਾਵ ਹੈ ਕਿ ਇਹਨਾਂ ਨੂੰ ਸਿਮਰਨ ਤੋਂ ਅੱਗੇ ਨਹੀਂ ਲੈ ਜਾਣਾ, ਗੁਰਬਾਣੀ ਦੇ ਸਿਮਰਨ ਤੋਂ ਅੱਗੇ ਨਹੀਂ ਲੈ ਜਾਣਾ। ਪਰ ਆਪਣੇ ਇਸ਼ਟ ਤੋਂ ਬਲਿਹਾਰ ਜਾਉ।

*ਗੁਰੂ ਗੋਬਿੰਦ ਦੋਨੋ ਖੜੇ ਕਿਸ ਕੇ ਲਾਗੂੰ ਪਾਇ।*
*ਬਲਿਹਾਰੀ ਗੁਰ ਆਪਣੇ ਜਿਸ ਗੋਬਿੰਦ ਦੀਆ ਮਿਲਾਇ।*

ਈਸੈ ਨੂੰ ਮੁਰਸ਼ਦ, ਸਤਿਗੁਰ, ਭਗਵਾਨ ਵਿਸ਼ਕਰਮਾ ਜੀ ਕਿਹਾ ਗਿਆ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਦੋਵਾਂ ਦੀ ਪੂਜਾ ਕਰਨੀ ਹੈ, ਜੈ-ਜੈ ਕਾਰ ਉਸ ਗੁਰਬਾਣੀ ਦੀ ਕਰਨੀ ਹੈ ਅਤੇ ਆਪਣੇ ਸਤਿਗੁਰ ਤੋਂ ਹਮੇਸ਼ਾ ਬਲਿਹਾਰ ਜਾਉ।

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥*
*(ਅੰਗ 462)*

**ਤਿਸੁ ਬਿਨੁ ਦੂਜਾ ਅਵਰੁ ਨ ਦੀਸੈ**
**ਏਕਾ ਜਗਤਿ ਸਬਾਈ ਹੇ ॥੧੪॥**

ਸਾਡੀ ਉਸ ਗੁਰਬਾਣੀ ਤੋਂ ਬਿਨਾਂ ਹੋਰ ਕਿਤੇ ਵੀ ਟੇਕ ਅਤੇ ਓਟ ਨਹੀਂ ਚਾਹੀਦੀ। ਪਰ ਉਸ ਗੁਰਬਾਣੀ ਨਾਲ ਮਿਲਾਪ ਕਰਵਾਉਣ ਵਾਲੇ ਸਾਧੂ, ਸੰਤ, ਪ੍ਰਮੇਸ਼ਵਰ ਦੇ ਰੂਪ ਹੁੰਦੇ ਹਨ ਉਹਨਾਂ ਦਾ ਵੀ ਪੂਰਾ ਸਤਿਕਾਰ ਕਰੋ। ਕਿਉਂਕਿ ਉਹ ਸਾਨੂੰ ਮਿਲੇ, ਉਹਨਾਂ ਨੇ ਸਾਨੂੰ ਜੁਗਤੀਆਂ ਦੱਸੀਆਂ ਅਤੇ ਗੁਰਬਾਣੀ ਦਾ ਮਿਲਾਪ ਹੋਇਆ। ਗੁਰਬਾਣੀ ਦਾ ਸਿਮਰਨ ਕਰਨ ਨਾਲ ਸਾਡੇ ਉੱਪਰ ਭਗਵਾਨ ਵਿਸ਼ਕਰਮਾ ਜੀ ਦੀ ਕਿਰਪਾ ਹੋਈ ਕਿਉਂਕਿ ਭਗਵਾਨ ਵਿਸ਼ਕਰਮਾ ਜੀ ਵੀ ਉਸ ਸ਼ਬਦ ਰੂਪੀ ਬਾਣੀ ਦੇ ਸੇਵਕ ਹਨ। ਜਦੋਂ ਭਗਵਾਨ ਵਿਸ਼ਕਰਮਾ ਜੀ ਦੇਖਦੇ ਹਨ ਕਿ ਇਹ ਮੇਰੇ ਸਤਿਗੁਰ ਦੀ ਉਸਤਤਿ ਕਰ ਰਹੇ ਹਨ ਉਸੇ ਭਗਵਾਨ ਦੀ ਸੇਵਨਾ, ਅਰਾਧਨਾ ਉਪਾਸਨਾ ਕਰ ਰਹੇ ਹਨ ਫੇਰ ਭਗਵਾਨ ਵਿਸ਼ਕਰਮਾ ਜੀ ਜਿਆਦਾ ਬਖਸ਼ਿਸ਼ ਕਰਦੇ ਹਨ। ਤੁਸੀਂ ਮੰਨੋ ਜਾਂ ਨਾ ਮੰਨੋ ਆਪਣੇ ਗੁਰਭਾਈ ਨਾਲ, ਸਤਿਸੰਗੀ ਨਾਲ ਜ਼ਿਆਦਾ ਲਗਾਵ ਹੋ ਜਾਂਦਾ ਹੈ ਕਿ ਇਹ ਸਾਡੇ ਸਤਿਸੰਗੀ ਹਨ ਅਸੀਂ ਇੱਕਠੇ ਸਤਿਸੰਗ ਸੁਣਦੇ ਹਾਂ। ਪਰ ਜੀਵ ਦੀ ਆਪਣੇ ਪਰਿਵਾਰ, ਧੀਆਂ, ਪੁੱਤਰਾਂ ਨਾਲ ਵੀ ਬਹੁਤ ਖਿੱਚ ਹੁੰਦੀ ਹੈ। ਅਸੀਂ ਆਪਣੇ ਪਰਿਵਾਰ ਨਾਲ ਵੀ ਜੁੜੇ ਹੋਏ ਹਾਂ। ਪਰਿਵਾਰ ਕੋਲ ਇੱਕ ਪਾਸਕੂ ਹੁੰਦਾ ਹੈ ਕਿਉਂਕਿ ਪਰਿਵਾਰ ਵੀ ਸਤਿਸੰਗੀ ਹੁੰਦਾ ਹੈ। ਪਰ ਉਹਨਾਂ ਕੋਲ ਉਹਨਾਂ ਦਾ ਬਲੱਡ ਰਿਲੇਸ਼ਨ, ਤੁਖਮ, ਤਸੀਰ, ਜੀਨਜ਼ ਹੁੰਦੇ ਹਨ ਇਸ ਕਰਕੇ ਉਹਨਾਂ ਕੋਲ ਥੋੜ੍ਹਾ ਜਿਹਾ ਵਜ਼ਨ ਵਾਧੂ ਹੁੰਦਾ ਹੈ। ਪਰ ਜਿਹੜੇ ਪਰਿਵਾਰ ਦੇ ਮੈਂਬਰ ਭਾਵ ਨਹੀਂ ਰੱਖਦੇ, ਪਰਿਵਾਰਿਕ ਤੌਰ 'ਤੇ ਸੰਗਤ ਵਿੱਚ ਨਹੀਂ ਰੁਕਦੇ ਉਹਨਾਂ ਨਾਲੋਂ ਸੰਗਤ ਛੜੱਪੇ ਮਾਰ ਕੇ ਅੱਗੇ ਲੰਘ ਜਾਂਦੀ ਹੈ। ਸੰਗਤ ਅੱਗੇ ਨਿਕਲਦੀ ਵੀ ਆਈ ਹੈ ਅਤੇ ਨਿਕਲ ਵੀ ਜਾਂਦੀ ਹੈ। ਪਰੰਤੂ ਪਰਿਵਾਰ ਦੇ ਜੋ ਜੀਵ ਭਾਵ ਰੱਖਦੇ ਹਨ ਉਹਨਾਂ ਉੱਪਰ ਬਹੁਤ ਬਖਸ਼ਿਸ਼ ਹੁੰਦੀ ਹੈ ਕਿਉਂਕਿ ਚਾਰ ਲੋਕ ਭਾਵ ਨਹੀਂ ਰੱਖਦੇ।

*ਸਹੁਰੇ ਪੇਕੇ ਨਾਨਕੇ ਅਉਰ ਲੰਗੋਟੀਏ ਯਾਰ।*
*ਇਹ ਚਾਰੇ ਭਾਵ ਨਹੀਂ ਰੱਖਦੇ*
*ਚਾਹੇ ਕਿੰਨਾ ਕਰ ਲਉ ਪਿਆਰ।*

ਅਗਰ ਇਹਨਾਂ ਚਾਰਾਂ ਵਿੱਚੋਂ ਕੋਈ ਭਾਵ ਰੱਖ ਲੈਂਦਾ ਹੈ ਫੇਰ ਉਸ ਦੇ ਵਾਰੇ-ਨਿਆਰੇ ਹੁੰਦੇ ਹਨ ਕਿਉਂਕਿ ਇਹਨਾਂ ਨੂੰ ਭਾਵ ਆਉਣਾ ਬਹੁਤ ਕਠਿਨ ਹੁੰਦਾ ਹੈ। ਪਤੀ ਨੂੰ ਪਤਨੀ ਉੱਪਰ, ਪਤਨੀ ਨੂੰ ਪਤੀ ਉੱਪਰ, ਪੁੱਤਰਾਂ ਨੂੰ ਪਿਉ 'ਤੇ ਧੀਆਂ ਨੂੰ ਬਾਪ ਤੇ, ਜਵਾਈਆਂ ਨੂੰ ਸਹੁਰੇ ਤੇ, ਹੋਰ ਮਾਮਿਆਂ, ਚਾਚਿਆਂ, ਤਾਇਆਂ, ਫੁੱਫੜਾਂ ਸਾਰੇ ਨਾਤਿਆਂ ਨੂੰ ਭਾਵ ਘੱਟ ਹੁੰਦਾ ਹੈ। ਪਰ ਜੇਕਰ ਇਹਨਾਂ ਵਿੱਚੋਂ ਕਿਸੇ ਨੂੰ ਭਾਵ ਆ ਜਾਵੇ ਫੇਰ ਉਹਨਾਂ ਨੂੰ ਕੋਈ ਕਮੀ ਨਹੀਂ ਰਹਿੰਦੀ। ਹਜ਼ੂਰ ਐਸਾ ਭੇਦ ਬਖਸ਼ ਰਹੇ ਹਨ ਕਿ ਦੁਨੀਆਂ ਵਿੱਚ ਬਹੁਤ ਦੇਵੀ ਦੇਵਤੇ ਹਨ, ਬਹੁਤ ਮਹਾਂਪੁਰਸ਼ ਹੋਏ ਹਨ ਪਰ ਜਿੱਥੇ ਹੁਨਰ ਦੀ ਗੱਲ ਆਉਣੀ ਹੈ ਉੱਥੇ ਇਹਨਾਂ ਕਾਰੀਗਰਾਂ ਨੂੰ ਭਗਵਾਨ ਵਿਸ਼ਕਰਮਾ ਜੀ ਅਤੇ ਸ਼ਬਦ ਰੂਪੀ

ਗੁਰਬਾਣੀ ਤੋਂ ਬਿਨਾਂ ਹੋਰ ਕੁਝ ਵੀ ਨਜ਼ਰ ਨਹੀਂ ਆਉਣਾ ਚਾਹੀਦਾ। ਐਸਾ ਨਹੀਂ ਕਿ ਜਿਹੜੀ ਵੀ ਕਬਰ ਸਮਾਧ ਦੇਖੀ ਉੱਥੇ ਹੀ ਕਹਿ ਦਿੱਤਾ ਕਿ ਬਾਬਾ ਕਿਰਪਾ ਕਰ ਦੇਵੀਂ। ਫੇਰ ਭਗਵਾਨ ਵਿਸ਼ਕਰਮਾ ਜੀ ਨੇ ਸੋਚਣਾ ਹੈ ਕਿ ਅਗਰ ਮੈਂ ਇਸ ਜੀਵ ਦਾ ਕੰਮ ਕਰ ਵੀ ਦਿੱਤਾ ਤਾਂ ਇਸ ਨੇ ਸੋਚਣਾ ਕਿ ਸ਼ਾਇਦ ਕਬਰ ਵਾਲੇ ਨੇ ਮੇਰਾ ਕੰਮ ਕੀਤਾ ਹੈ। ਇਸ ਕਰਕੇ

*ਇਕ ਆਸ ਇਕ ਵਿਸ਼ਵਾਸ*
*ਸਵਾਂਤ ਸਲਲ ਗੁਰੂ ਚਰਨ ਹੈ ਚਾਤ੍ਰਿਕ ਤੁਲਸੀ ਦਾਸ।*

ਜਿਸ ਤਰ੍ਹਾਂ ਬਬੀਹਾ ਸਵਾਂਤ ਬੂੰਦ ਤੋਂ ਬਿਨਾਂ ਮੂੰਹ ਵਿੱਚ ਪਾਣੀ ਨਹੀਂ ਪਾਉਂਦਾ ਇਸ ਤਰ੍ਹਾਂ ਕਾਰੀਗਰ ਸਿੰਘਾਂ ਨੂੰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

**ਸਤਿ ਸਤਿ ਸਤਿ ਪ੍ਰਭੁ ਜਾਤਾ ॥**
**ਗੁਰ ਪਰਸਾਦਿ ਸਦਾ ਮਨੁ ਰਾਤਾ ॥**

*ਸਤਿਗੁਰ ਕੀ ਬਾਨੀ ਸਤਿ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ ॥ (ਅੰਗ 308)*

ਇਸ ਵਿੱਚ ਕੋਈ if or but ਨਾ ਰੱਖਿਉ, ਕਿੰਤੂ, ਪ੍ਰੰਤੂ ਨਾ ਰੱਖਿਉ ਇਸ ਨੂੰ ਸੱਚ ਸਮਝ ਕੇ ਆਪਣਾਇਉ। ਜਦੋਂ ਵੀ ਭਾਵ ਵਿੱਚ ਥੋੜੀ ਜਿਹੀ ਕਮੀ ਆਉਂਦੀ ਹੈ ਸ਼ੰਕਾ ਪੈਂਦਾ ਹੈ ਉੱਥੇ ਨੁਕਸਾਨ ਹੁੰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਇਸ ਤਰ੍ਹਾਂ ਦੁਨਿਆਵੀ ਤੌਰ ਤੇ ਜੋ ਤੁਹਾਡੇ ਸਾਧੂ ਹੁੰਦੇ ਹਨ ਜਿਹੜੇ ਤੁਹਾਨੂੰ ਗੁਰਬਾਣੀ ਨਾਲ ਜੋੜਦੇ ਹਨ ਉਹਨਾਂ ਦੇ ਬਚਨਾਂ ਨੂੰ ਹਮੇਸ਼ਾ ਸਤਿ ਕਰਕੇ ਮੰਨੋ। ਜਦੋਂ ਸਾਡੇ ਮਨ ਵਿੱਚ ਆਉਂਦਾ ਹੈ ਕਿ ਸ਼ਾਇਦ ਇਹਨਾਂ ਨੇ ਮੇਰਾ ਆਹ ਕੰਮ ਕਰਨਾ ਹੈ ਜਾਂ ਨਹੀਂ ਕਰਨਾ, ਸ਼ਾਇਦ ਹੋਣਾ ਹੈ ਜਾਂ ਨਹੀਂ ਹੋਣਾ ਸ਼ਾਇਦ ਮੇਰੇ ਨਾਲ ਗੁੱਸੇ ਹਨ, ਅੱਗੇ ਮੇਰੇ ਨਾਲ ਬਹੁਤ ਪਿਆਰ ਕਰਦੇ ਸੀ ਹੁਣ ਘੱਟ ਕਰਦੇ ਹਨ ਇਹ ਫਰਕ ਸਾਡੀ ਭਾਵਨਾ ਵਿੱਚ ਫਰਕ ਹੁੰਦਾ ਹੈ ਸਤਿਗੁਰ ਵਿੱਚ ਕੋਈ ਫਰਕ ਨਹੀਂ ਹੁੰਦਾ।

*ਜਿਨਕੀ ਭਾਵਨਾ ਦੇਖੀ ਜੈਸੀ ।*
*ਪ੍ਰਭ ਮੂਰਤਿ ਦੇਖੀ ਤਿਨ੍ਹ ਤੈਸੀ ॥*

ਜਦੋਂ ਸਾਡੇ ਭਾਵ ਵਿੱਚ ਕਮੀ ਆਉਂਦੀ ਹੈ ਉਦੋਂ ਸਾਨੂੰ ਸਾਧੂਆਂ ਵਿੱਚ ਕਮੀ ਨਜ਼ਰ ਆਉਂਦੀ ਹੈ। ਸਾਧੂਆਂ ਵਿੱਚ ਕੋਈ ਕਮੀ ਨਹੀਂ ਹੁੰਦੀ, ਸਾਡੀ ਭਾਵਨਾ ਵਿੱਚ ਕਮੀ ਹੁੰਦੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਆਪਾਂ ਇਹਨਾਂ ਬਚਨਾਂ ਨੂੰ ਸਤਿ ਕਰਕੇ ਮੰਨਣਾਂ ਹੈ ਕੋਈ ਕਿੰਤੂ ਪ੍ਰੰਤੂ ਨਹੀਂ ਕਰਨਾ।

**ਸਿਮਰਿ ਸਿਮਰਿ ਜੀਵਹਿ ਜਨ ਤੇਰੇ**
**ਏਕੰਕਾਰਿ ਸਮਾਈ ਹੇ ॥੪॥**

ਜਿੰਨਾ ਚਿਰ ਸਾਡੇ ਸੁਆਸ ਹਨ, ਜਦੋਂ ਤੱਕ ਅਸੀਂ ਜਿਉਂਦੇ ਹਾਂ ਸਾਨੂੰ ਸਿਮਰਨ ਉੱਪਰ ਜੋਰ ਦੇਣਾ ਚਾਹੀਦਾ ਹੈ। ਐਸਾ ਨਹੀਂ ਕਿ ਭਗਵਾਨ ਵਿਸ਼ਕਰਮਾ ਜੀ ਨੂੰ ਮੰਨਦੇ-ਮੰਨਦੇ ਅਸੀਂ ਗੁਰਬਾਣੀ ਤੋਂ ਬੇਮੁੱਖ ਹੋ ਜਾਈਏ। ਅਗਰ ਅਸੀਂ ਸਿਮਰਨ ਕਰਾਂਗੇ ਫੇਰ ਜਿਸ ਤਾਕਤ ਦੇ ਸੇਵਕ ਭਗਵਾਨ ਵਿਸ਼ਕਰਮਾ ਜੀ ਹਨ ਅਗਰ ਅਸੀਂ ਉਸ ਤਾਕਤ ਦਾ ਸਿਮਰਨ ਕਰਕੇ ਉਸ ਦੀ ਸੰਗਤ ਵਿੱਚ ਰਹਾਂਗੇ ਫੇਰ ਆਪਾਂ ਉਸ ਤਾਕਤ ਵਿੱਚ ਹੀ ਸਮਾ ਜਾਵਾਂਗੇ। ਪਾਣੀ ਦਾ ਗਿਲਾਸ ਸਮੁੰਦਰ ਵਿੱਚ ਡਿੱਗ ਕੇ ਸਮੁੰਦਰ ਦਾ ਰੂਪ ਬਣ ਜਾਂਦਾ ਹੈ। ਇਸ ਤਰ੍ਹਾਂ ਜੀਵ ਸਿਮਰਨ ਕਰਦਾ-ਕਰਦਾ ਉਸ ਮਾਲਿਕ ਦੀ ਜੋਤ ਵਿੱਚ ਸਮਾ ਕੇ ਜੋਤ ਬਣ ਜਾਂਦਾ ਹੈ। ਸੋਈ ਹਜ਼ੂਰ ਨੇ ਬਾਰ-ਬਾਰ ਉਸ ਸ਼ਬਦ ਰੂਪੀ ਗੁਰਬਾਣੀ ਦੀ ਸ਼ਰਨ ਅਤੇ ਸੰਗਤ ਕਰਨ ਵਾਸਤੇ ਜੁਗਤੀ ਦੱਸੀ ਹੈ। ਦੋ ਗੱਲਾਂ ਦੱਸੀਆਂ ਹਨ ਕਿ

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥*
*(ਅੰਗ 1373)*

ਉਸ ਤਾਕਤ ਨੂੰ ਰਾਮ ਕਹਿ ਲਉ ਅਤੇ ਭਗਵਾਨ ਵਿਸ਼ਕਰਮਾ ਜੀ ਨੂੰ ਸੰਤ ਮੰਨ ਲਉ। ਸਾਨੂੰ ਹਮੇਸ਼ਾ ਇਸ ਤਰ੍ਹਾਂ ਮੰਨ ਕੇ ਚੱਲਣਾ ਚਾਹੀਦਾ ਹੈ।

**ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥**
**ਸਭੈ ਉਧਾਰਣੁ ਖਸਮੁ ਹਮਾਰਾ ॥**

ਜਿੰਨੀ ਵੀ ਸੰਗਤ ਹੁੰਦੀ ਹੈ ਉਹ ਕਹਿੰਦੀ ਹੈ ਕਿ ਬਾਬਾ ਜੀ ਮੈਨੂੰ ਬਹੁਤ ਪਿਆਰ ਕਰਦੇ ਹਨ ਜਾਂ ਇਸਤਰੀਆਂ ਜਿਸ ਤਰ੍ਹਾਂ ਪਰਾਈ ਇਸਤਰੀ ਨੂੰ ਆਪਣੇ ਪਤੀ ਨਾਲ ਗੱਲ ਕਰਦਿਆਂ ਦੇਖ ਕੇ ਖਿਝ ਜਾਂਦੀਆਂ ਹਨ ਇਸੇ ਤਰ੍ਹਾਂ ਜਿਹੜੀ ਸੰਗਤ ਹੁੰਦੀ ਹੈ ਉਹ ਖਿਝਦੀ ਹੈ ਕਿ ਇਸ ਨੂੰ ਬਹੁਤਾ ਬੁਲਾਉਂਦੇ ਹਨ ਮੈਨੂੰ ਘੱਟ ਬੁਲਾਉਂਦੇ ਹਨ। ਤੁਸੀਂ ਮੰਨੋ ਚਾਹੇ ਨਾ ਮੰਨੋ। ਕਈ ਜੀਵ ਸੋਚਦੇ ਹਨ ਕਿ ਮੈਂ ਆਇਆ ਸੀ ਮੈਨੂੰ ਅਵਾਜ ਨਹੀਂ ਮਾਰੀ, ਮੇਰੇ ਨਾਲ ਗੱਲ ਨਹੀਂ ਕੀਤੀ, ਫਲ੍ਹਾਣੇ ਜੀਵ ਨੂੰ ਅਵਾਜ ਦੇ ਕੇ ਗੱਲ ਕਰ ਲਈ। ਕਿਉਂਕਿ ਇਹ ਗੱਲਾਂ ਆਤਮਾਂ ਅਤੇ ਪ੍ਰਮਾਤਮਾ ਦੀਆਂ ਹਨ। ਇਸਤਰੀ ਪਤੀ ਦਾ ਨਾਤਾ ਤਦ ਦੱਸਿਆ ਹੈ ਕਿਉਂਕਿ ਅਸੀਂ ਜਿੰਨੇ ਵੀ ਜੀਵ ਬੈਠੇ ਹਾਂ ਚਾਹੇ ਕੋਈ ਪੁਰਸ਼ ਹੈ ਜਾਂ ਇਸਤਰੀ ਹੈ ਅਸੀਂ ਮਾਲਿਕ ਦੀਆਂ ਸੇਵਕਾਂ ਹਾਂ, ਸੁਰਤਾਂ ਹਾਂ ਅਤੇ ਮਾਲਿਕ ਸਾਡੇ ਖਸਮ ਹਨ, ਪਤੀ ਹਨ, ਪ੍ਰਮੇਸ਼ਵਰ ਹਨ। ਜਿੰਨੇ ਵੀ ਭਗਤ ਸਿਮਰਨ ਕਰਦੇ ਹਨ ਉਹ ਮਾਲਿਕ ਨੂੰ ਪਿਆਰੇ ਹੁੰਦੇ ਹਨ। ਇਸ ਕਰਕੇ ਕਿਸੇ ਦੇ ਪਿਆਰ ਵਿੱਚ ਈਰਖਾ ਨਾ ਕਰਿਉ। ਸਗੋਂ ਇਹ ਸੋਚੋ ਕਿ ਇਸ ਵਿੱਚ ਕਿਹੜੇ ਗੁਣ ਹਨ ਜਿਹਨਾਂ ਕਰਕੇ ਮਾਲਿਕ ਇਸ ਨਾਲ ਜ਼ਿਆਦਾ ਪਿਆਰ ਕਰਦੇ ਹਨ, ਇਸ ਨੂੰ ਜ਼ਿਆਦਾ ਬੁਲਾਉਂਦੇ ਹਨ। ਇਹ ਕੀ ਫਾਲਤੂ ਕੰਮ ਕਰਦਾ ਹੈ, ਇਸ ਦੀ ਕਿਹੜੀ ਅੱਛੀ ਰਹਿਣੀ ਹੈ, ਅਸੂਲ, ਪ੍ਰਿੰਸੀਪਲ ਵਧੀਆ ਹਨ ਕਿ ਇਸ ਨੂੰ ਮਾਲਿਕ ਪਿਆਰ ਕਰਦੇ ਹਨ। ਮੈਂ ਇਸ ਕੋਲੋਂ ਪੁੱਛਾਂ

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥*
*ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥*
*(ਅੰਗ 765-66)*

ਅਗਰ ਕਿਸੇ ਕੋਲ ਕੋਈ ਗੁਣ ਹੈ ਚਾਹੇ ਉਹ ਕਾਰੀਗਰ ਦਾ ਗੁਣ ਹੈ ਜਾਂ ਹੋਰ ਕੋਈ ਗੁਣ ਹੈ ਉਸ ਨਾਲ ਸਾਂਝ ਪਾ ਕੇ ਉਸ ਕੋਲੋਂ ਉਹ ਗੁਣ ਗ੍ਰਹਿਣ ਕਰੋ। ਉਸ ਨਾਲ ਈਰਖਾ ਨਾ ਕਰੋ। ਅਗਰ ਈਰਖਾ ਕਰੋਗੇ ਤਦ ਤੁਹਾਨੂੰ ਉਸ ਕੋਲੋਂ ਕੁਝ ਨਹੀਂ ਮਿਲਣਾ। ਅਗਰ ਤੁਸੀਂ ਉਸ ਨਾਲ ਸਾਂਝ ਪਾ ਕੇ ਉਸ ਦਾ ਭੇਦ

ਪੁੱਛ ਲਵੋਗੇ ਤਦ ਤੁਸੀਂ ਵੀ ਗੁਣਵਾਨ ਬਣ ਜਾਉਗੇ। ਗੁਣ ਐਸੀ ਚੀਜ ਹੈ ਜਿੰਨਾਂ ਜ਼ਿਆਦਾ ਵੰਡੋ ਜਾਂ ਗ੍ਰਹਿਣ ਕਰੋ ਉਹ ਓਨਾ ਹੀ ਜ਼ਿਆਦਾ ਵਧਦੇ ਹਨ। ਐਸਾ ਨਹੀਂ ਹੈ ਕਿ ਭਗਵਾਨ ਵਿਸ਼ਕਰਮਾ ਜੀ ਨੇ ਇੱਕ ਕਾਰੀਗਰ ਉੱਪਰ ਬਖਸ਼ਿਸ਼ ਕਰਕੇ ਉਸ ਨੂੰ ਖੁਸ਼ ਕਰਨਾ ਹੈ। ਬਲਕਿ ਉਹਨਾਂ ਨੇ ਸਾਰੇ ਕਾਰੀਗਰਾਂ ਉੱਪਰ ਬਖਸ਼ਿਸ਼ ਕਰਨੀ ਹੈ। ਤੁਸੀਂ ਜਿੰਨੇ ਵੀ ਕਾਰੀਗਰ ਬੈਠੇ ਹੋ ਜਾਂ ਚਾਹੇ ਕੋਈ ਇੱਥੇ ਆਉਂਦਾ, ਚਾਹੇ ਕੋਈ ਭਗਵਾਨ ਵਿਸ਼ਕਰਮਾ ਜੀ ਦਾ ਯਸ਼ ਇੱਥੇ ਬੈਠ ਕੇ ਕਰਦਾ ਹੈ ਜਾਂ ਕਿਸੇ ਹੋਰ ਮੰਦਿਰ, ਚਰਚ, ਗੁਰਦੁਆਰੇ ਵਿੱਚ ਬੈਠ ਕੇ ਕਰਦਾ ਹੈ। ਉਹ ਪ੍ਰਭੂ ਸਭ ਦੀ ਸੁਣਦੇ ਆਏ ਹਨ ਅਤੇ ਅਗਾਂਹ ਵੀ ਸੁਣਦੇ ਰਹਿਣਗੇ।

**ਸਿਮਰਿ ਨਾਮੁ ਪੁੰਨੀ ਸਭ ਇਛਾ**
**ਜਨ ਨਾਨਕ ਪੈਜ ਰਖਾਈ ਹੇ ॥੧੬॥੧॥**

ਹਜ਼ੂਰ ਨੇ ਬਾਰ-ਬਾਰ ਪੱਕੀ ਕੀਤੀ ਹੈ ਕਿ ਇੱਕਲਾ ਭਗਵਾਨ ਵਿਸ਼ਕਰਮਾ ਜੀ ਉੱਪਰ ਹੀ ਨਾ ਨਿਰਭਰ ਕਰ ਲਇਉ। ਅਸੀਂ ਦੇਖਿਆ ਹੈ ਲੋਕਾਂ ਨੇ ਘਰਾਂ ਵਿੱਚ ਪ੍ਰਾਈਮ ਮਨਿਸਟਰਾਂ, ਚੀਫ਼ ਮਨਿਸਟਰਾਂ ਜਾਂ ਪ੍ਰੈਜ਼ੀਡੈਂਟ ਦੀਆਂ ਫੋਟੋਆਂ ਲਾਈਆਂ ਹੁੰਦੀਆਂ ਹਨ। ਜਦੋਂ ਕੋਈ ਉਹ ਫੋਟੋਆਂ ਦੇਖਦਾ ਹੈ ਉਹ ਝੱਟ ਸਮਝ ਜਾਂਦਾ ਹੈ ਕਿ ਇਸ ਦੀ ਜਰੂਰ ਇਹਨਾਂ ਨਾਲ ਨੇੜਤਾ ਹੈ। ਫਰਜ਼ ਕਰੋ ਪੁਲਿਸ ਵਾਲੇ ਚਾਹੇ ਕਿੰਨੇ ਵੀ ਵਿਗੜੇ ਹੋਣ, ਸਿਵਲ ਵਾਲੇ ਹੋਣ ਜਾਂ ਐਡਮਨਿਸਟਰੇਸ਼ਨ ਵਾਲੇ ਹੋਣ। ਅਗਰ ਪੁਲਿਸ ਅਫ਼ਸਰ ਅੰਦਰ ਵੜਦਿਆਂ ਹੀ ਦੇਖ ਲਵੇ ਕਿ ਇਹਨਾਂ ਦੀ ਸਾਡੇ ਡੀ.ਜੀ.ਪੀ ਨਾਲ ਫੋਟੋ ਹੈ ਤਦ ਪੁਲਿਸ ਅਫ਼ਸਰ ਇੱਕ ਵਾਰ ਜਰੂਰ ਪੁੱਛੇਗਾ ਕਿ ਇਹ ਡੀ.ਜੀ.ਪੀ ਸਾਹਿਬ ਤੁਹਾਡੇ ਕੀ ਲੱਗਦੇ ਹਨ। ਅਗਰ ਉਹ ਕਹਿੰਦੇ ਹਨ ਕਿ ਇਹ ਸਾਡਾ ਮਾਮਾ, ਚਾਚਾ, ਤਾਇਆ ਜਾਂ ਫੁੱਫੜ ਹੈ ਤਦ ਉੱਥੇ ਜੀਵ ਰੌਲਾ ਘੱਟ ਪਾਉਂਦਾ ਹੈ। ਅਗਰ ਉਹਨਾਂ ਜੀਵਾਂ ਨੇ ਕੋਈ ਗਲਤੀ ਕੀਤੀ ਹੋਵੇਗੀ ਤਦ ਐਕਸ਼ਨ ਤਾਂ ਜਰੂਰ ਹੋਵੇਗਾ ਪਰ ਉਹ ਡੰਡਾ ਖੜਕਾਉਣ ਵਾਲਾ ਕੰਮ ਨਹੀਂ ਕਰਦਾ। ਇਸੇ ਤਰ੍ਹਾਂ ਜਦੋਂ ਵਿਸ਼ਕਰਮਾ ਭਗਵਾਨ ਜੀ ਦੇਖਦੇ ਹਨ ਕਿ ਮੇਰੇ ਸਤਿਗੁਰ ਵੀ ਇੱਥੇ ਬੈਠੇ ਹਨ ਫੇਰ ਉਸ ਜੀਵ ਨਾਲ ਜਰੂਰ ਹੀ ਹਮਦਰਦੀ, ਲਗਾਵ, ਪਿਆਰ ਕਰਦੇ ਹਨ। ਹਜ਼ੂਰ ਸਮਰੱਥ ਸਤਿਗੁਰੂ ਪੰਜਵੇ ਪਾਤਿਸ਼ਾਹ ਜੀ ਫ਼ੁਰਮਾਨ ਕਰ ਰਹੇ ਹਨ ਕਿ ਜਦ ਤੱਕ ਤੁਹਾਡੇ ਸੁਆਸ ਹਨ ਸਿਮਰਨ ਦੀ ਕਮੀ ਨਹੀਂ ਕਰਨੀ। ਸਿਮਰਨ ਆਪਣੀ ਜਗ੍ਹਾ ਹੈ ਹੁਨਰ ਆਪਣੀ ਜਗ੍ਹਾ ਹੈ। ਅਗਰ ਕਿਸਮਤ ਸਾਥ ਨਾ ਦੇਵੇ ਤਦ ਹੁਨਰ ਠੀਕ ਕੀਤਾ ਵੀ ਗਲਤ ਹੋ ਜਾਂਦਾ ਹੈ। ਸਾਡੇ ਕੋਲ ਬਹੁਤ ਸਾਰੀ ਸੰਗਤ ਦੀਆਂ ਚਿੱਠੀਆਂ ਆਉਂਦੀਆਂ ਹਨ ਕਿ ਅਸੀਂ ਕੰਮ ਖੋਲ੍ਹਿਆ ਹੈ ਉਹ ਚੱਲਦਾ ਨਹੀਂ ਹੈ। ਗਾਹਕ ਆਉਂਦੇ ਹਨ ਦੁਕਾਨ ਦੇ ਅੰਦਰ ਲੰਘ ਕੇ ਘੁੰਮ ਕੇ ਮੁੜ ਜਾਂਦੇ ਹਨ। ਤੁਹਾਡੇ ਸਾਰਿਆਂ ਨਾਲ ਇੰਝ ਹੁੰਦਾ ਹੋਵੇਗਾ ਪਰ ਜੇਕਰ ਉਸ ਮਾਲਿਕ ਦੀ ਨਜਰ ਸਵੱਲੀ ਹੋਵੇ ਤਦ ਗਾਹਕ ਮੁੜ ਮੁੜ ਕੇ ਉੱਥੇ ਆਉਂਦੇ ਹਨ। ਜਦੋਂ ਨਾਲ ਦੀ ਦੁਕਾਨ ਉੱਪਰ ਬਹੁਤੇ ਗਾਹਕ ਆਉਂਦੇ ਹਨ ਤਦ ਦੂਜਾ ਦੁਕਾਨਦਾਰ ਖਿੱਝ ਕੇ ਗੁੱਸਾ ਕਰਕੇ ਉਸ ਨਾਲ ਈਰਖਾ ਕਰਨ ਲੱਗ ਪੈਂਦਾ ਹੈ। ਉਸ ਨੂੰ ਇੰਝ ਕਰਨਾ ਚਾਹੀਦਾ ਹੈ ਕਿ ਉਸ ਦੁਕਾਨਦਾਰ ਕੋਲ ਜਾ ਕੇ ਉਸ ਕੋਲੋਂ ਗੁਣ ਪੁੱਛੇ ਕਿ ਤੇਰੀ ਦੁਕਾਨ ਤੇ ਬਹੁਤ ਗਾਹਕ ਕਿਉਂ ਆਉਂਦੇ ਹਨ? ਤੂੰ ਕਿਹੜਾ ਪਾਠ ਕਰਦਾ ਏਂ, ਕਿਹੜਾ ਮੰਤ੍ਰ ਪੜ੍ਹਦਾ ਏਂ? ਪਰ ਅਸੀਂ ਕਹਿੰਦੇ ਹਾਂ ਕਿ ਫਲਾਣਾ ਜੀਵ ਮੂੰਹ ਵਿੱਚ ਗੁਣ-ਗੁਣ ਕਰੀ ਜਾਂਦਾ ਹੈ ਅਤੇ ਗਾਹਕ ਜਿਆਦਾ ਆਉਂਦੇ ਹਨ। ਪਤਾ ਨਹੀਂ ਸ਼ਾਇਦ ਉਹ ਸਾਡੇ ਵਿਰੋਧ ਵਿੱਚ ਕੋਈ ਮੰਤ੍ਰ ਪੜ੍ਹਦਾ ਹੈ। ਦੇਖੋ ਉਹ ਆਪਣੇ ਸਤਿਗੁਰ ਨੂੰ ਯਾਦ ਕਰਦਾ ਹੈ। ਅਸੀਂ ਕਿਹਾ ਉਸ ਦਾ ਪਤਾ ਕਰੋ ਕਿ ਉਹ ਕਿੱਥੇ ਜਾਂਦਾ ਹੈ, ਉਸ ਨੇ ਕਿਤਿਉਂ ਉਪਦੇਸ਼ ਲਿਆ ਹੈ? ਉਹ ਸਿਮਰਨ ਅਤੇ ਪਾਠ ਪੂਜਾ ਕਰਦਾ ਹੈ? ਫੇਰ ਕਹਿਣਗੇ ਉਂਝ ਤਾਂ ਉਹ ਗੁਰਦੁਆਰੇ ਵੀ ਜਾਂਦਾ ਹੈ, ਮੰਦਰ ਵੀ ਜਾਂਦਾ ਹੈ, ਪਾਠ ਪੂਜਾ ਵੀ ਬਹੁਤ ਕਰਦਾ ਹੈ। ਅਸੀਂ ਕਿਹਾ ਫੇਰ ਉਹ ਆਪਣੇ ਇਸ਼ਟ ਨੂੰ ਧਿਆ ਰਿਹਾ ਹੋਵੇਗਾ ਉਸ ਨੇ ਤੁਹਾਡਾ ਵਿਰੋਧ ਕਰਕੇ ਕੀ ਲੈਣਾ ਹੈ। ਕਿਉਂਕਿ ਜਿਹੜਾ ਜੀਵ ਕਿਸੇ ਨਾਲ ਈਰਖਾ ਕਰਦਾ ਹੈ ਭਗਵਾਨ ਉਸ ਦੀ ਮਦਦ ਨਹੀਂ ਕਰਦੇ। ਇਸ ਦਾ ਲਕਸ਼ ਇਹ ਹੈ ਕਿ

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ।*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥੧॥ (ਅੰਗ 1299)*

ਜਦੋਂ ਅਸੀਂ ਸਿਮਰਨ ਕਰਾਂਗੇ ਫੇਰ ਉਹ ਤਾਕਤ ਸਾਰਿਆਂ ਉੱਪਰ ਕਿਰਪਾ ਕਰਦੀ ਆਈ ਹੈ ਅਤੇ ਅਗਾਂਹ ਵੀ ਕਰਦੀ ਰਹੇਗੀ।

ਸੋਈ ਇਹ 223 ਪਰਿਵਾਰਾਂ ਨੇ ਭਗਵਾਨ ਵਿਸ਼ਵਕਰਮਾ ਜੀ ਦੇ ਅਵਤਾਰ ਦਿਵਸ ਦੀਆਂ ਖੁਸ਼ੀਆਂ ਲੈਣ ਲਈ ਅਖੰਡ ਪਾਠ ਕਰਵਾ ਕੇ ਯਸ਼ ਕਰਵਾਇਆ ਹੈ। ਹਜ਼ੂਰ ਸਭ ਦੀਆਂ ਸ਼ੁਭ ਭਾਵਨਾਵਾਂ ਮਨਜ਼ੂਰ ਕਰਨ। ਸਾਰਿਆਂ ਦੇ ਕਾਰੋਬਾਰਾਂ ਵਿੱਚ ਵਾਧੇ ਪਾਉਣ। ਸੋਈ ਇਸ ਹੁਕਮਨਾਮੇ ਵਿੱਚ ਹਜ਼ੂਰ ਨੇ ਜੋ ਸਿੱਖਿਆ ਦਿੱਤੀ ਹੈ ਕਿ ਗੁਰਬਾਣੀ ਨੂੰ ਵੀ ਮੰਨਣਾ ਹੈ ਅਤੇ ਭਗਵਾਨ ਵਿਸ਼ਵਕਰਮਾ ਜੀ ਦੀਆਂ ਸਿੱਖਿਆਵਾਂ ਉੱਪਰ ਵੀ ਅਮਲ ਕਰਨਾ ਹੈ। ਅਗਰ ਅਸੀਂ ਇੰਝ ਕਰਾਂਗੇ ਫੇਰ ਹਜ਼ੂਰ ਖੁਸ਼ੀਆਂ ਬਖਸ਼ਦੇ ਆਏ ਹਨ ਅਤੇ ਅਗਾਂਹ ਵੀ ਖੁਸ਼ੀਆਂ ਬਖਸ਼ਦੇ ਰਹਿਣਗੇ। ਸੋਈ ਇਹਨਾਂ 223 ਪਰਿਵਾਰਾਂ ਜਾਂ ਜਿਹੜੀ ਸੰਗਤ ਨੇ ਵੀ ਸਤਿਸੰਗ ਸੁਣਿਆ ਹੈ ਉਹ ਆਪਣੇ ਹੁਨਰ ਅਨੁਸਾਰ ਜੋ ਵੀ ਕਾਰਜ ਕਰਦੇ ਹਨ ਉਹ ਚਾਹੇ ਪੁਰਸ਼ ਹੈ ਜਾਂ ਬੀਬੀ ਹੈ ਚਾਹੇ ਬੀਬੀ ਸਿਲਾਈ ਕਢਾਈ ਦਾ ਕੰਮ ਕਰਦੀ ਹੈ ਉਹ ਵੀ ਇੱਕ ਹੁਨਰ ਹੈ। ਉਸ ਬੀਬੀ ਕੋਲ ਅਗਰ ਅੱਛਾ ਹੁਨਰ ਹੋਵੇਗਾ ਤਾਂ ਉਸ ਦੀ ਕੀਤੀ ਹੋਈ ਕਢਾਈ ਨੂੰ ਲੋਕ ਪਸੰਦ ਕਰਦੇ ਹਨ। ਸੋਈ ਹਜ਼ੂਰ ਕਿਰਪਾ ਕਰਕੇ ਪਰਿਵਾਰਾਂ ਵਿੱਚ ਸੁੱਖ ਸ਼ਾਂਤੀ ਖੁਸ਼ੀਆਂ ਖੇੜੇ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

# ਸਤਿਸੰਗ

**ਬਿਲਾਵਲੁ ਮਹਲਾ ੫ ॥ (ਅੰਗ 822)**
**ਸੰਤ ਸਰਣਿ ਸੰਤ ਟਹਲ ਕਰੀ ॥**

ਐੱਸ. ਜੀ. ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਦੇਸ਼ ਵਿਦੇਸ਼ ਦੀ ਸਾਧ ਸੰਗਤ ਨੇ ਦਾਸ (ਬਾਬਾ ਕਸ਼ਮੀਰਾ ਸਿੰਘ) ਨੂੰ ਬੀਮਾਰੀ ਤੋਂ ਤੰਦਰੁਸਤੀ ਬਖ਼ਸ਼ਣ ਉਪਰੰਤ ਹਜ਼ੂਰ ਦਾ ਸ਼ੁਕਰਾਨਾ ਕਰਦਿਆਂ ਅਤੇ ਅੱਗੇ ਤੋਂ ਵੀ ਤੰਦਰੁਸਤੀ ਬਖ਼ਸ਼ੀ ਰੱਖਣ ਲਈ ਬੇਨਤੀ ਕਰਦਿਆਂ ਅਖੰਡ ਪਾਠ ਕਰਵਾਇਆ ਸੀ ਜਿਸ ਦੇ ਅੱਜ ਭੋਗ ਪਾਏ ਗਏ ਹਨ। ਸੋਈ ਉਸ ਅਕਾਲ ਪੁਰਖ ਵਾਹਿਗੁਰੂ ਧੁਰ ਕੀ ਬਾਣੀ ਦੀ ਬਖਸ਼ਿਸ਼ ਅਤੇ ਸਾਡੇ ਹਜ਼ੂਰ ਦਾ ਅਸ਼ੀਰਵਾਦ, ਸੰਗਤ ਦੀਆਂ ਅਰਦਾਸਾਂ ਕੰਮ ਆਈਆਂ ਹਨ ਅਤੇ ਅਸੀਂ ਫੇਰ ਆ ਕੇ ਤੁਹਾਡੇ ਵਿੱਚ ਹਾਜ਼ਿਰ ਹੋਏ ਹਾਂ ਅਤੇ ਹਜ਼ੂਰ ਦੀ ਬਖਸ਼ਿਸ਼ ਹੋਈ ਜੋ ਡਿਊਟੀ ਕਰਨ ਪ੍ਰਥਾਇ ਸਤਿਸੰਗ ਕਰ ਰਹੇ ਹਾਂ। ਸਭ ਤੋਂ ਪਹਿਲਾਂ ਅੱਜ ਤੇ ਸ਼ੁੱਭ ਮੌਕੇ 'ਤੇ ਦੀਵਾਲੀ ਦੇ ਸ਼ੁੱਭ ਦਿਹਾੜੇ 'ਤੇ ਸਭ ਨੂੰ ਲੱਖ-ਲੱਖ ਵਧਾਈ ਹੋਵੇ। ਸਿੱਖ ਧਰਮ ਵਲੋਂ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਦੇ ਤੌਰ 'ਤੇ ਵੀ ਮਨਾਇਆ ਜਾ ਰਿਹਾ ਹੈ।

ਜਦੋਂ ਚੰਦੂ ਸੁਰਾਹੀਏ ਦੀ ਬੇਟੀ ਦੇ ਰਿਸ਼ਤੇ ਦੀ ਗੱਲ ਚੱਲੀ ਤਾਂ ਉਹ ਰਿਸ਼ਤਾ ਸਿਰੇ ਨਾ ਚੜ੍ਹਿਆ। ਵਾਸਤਵ ਵਿੱਚ ਰਿਸ਼ਤੇ ਦਾ ਤਾਂ ਬਹਾਨਾ ਸੀ ਪਰ ਜਹਾਂਗੀਰ ਬਾਦਸ਼ਾਹ ਚਾਹੁੰਦਾ ਸੀ ਕਿ ਪਵਿਤਰ ਕੁਰਾਨ ਸ਼ਰੀਫ਼ ਦੀਆਂ ਆਇਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤੀਆਂ ਜਾਣ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨਾ ਮੰਨੇ ਤਦ ਹਜ਼ੂਰ ਨੂੰ ਦੇਗਾਂ ਵਿੱਚ ਉਬਾਲਿਆ ਗਿਆ। ਤਸੀਹੇ ਦਿੱਤੇ ਗਏ। ਤੱਤੀਆਂ ਲੋਹਾਂ ਉੱਪਰ ਬਿਠਾ ਕੇ ਸਿਰ ਵਿੱਚ ਗਰਮ ਰੇਤ ਪਾਈ ਗਈ। ਫੇਰ ਜਦੋਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇਹ ਅਲੋਪ ਕਰ ਗਏ ਤਾਂ ਜਹਾਂਗੀਰ ਨੇ ਹਜ਼ੂਰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਬੰਦ ਕਰ ਦਿੱਤਾ। ਸਾਂਈਂ ਮੀਆਂ ਮੀਰ ਜੀ ਗੁਰੂ ਘਰ ਦੇ ਸ਼ਰਧਾਲੂ ਸਨ। ਉਹਨਾਂ ਕੋਲੋਂ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ ਗਈ ਸੀ। ਸਾਂਈਂ ਮੀਆਂ ਮੀਰ ਜੀ ਆਪਣੀ ਸ਼ਕਤੀ ਸਦਕਾ ਜਦੋਂ ਜਹਾਂਗੀਰ ਬਾਦਸ਼ਾਹ ਲੇਟਦਾ ਸੀ ਤਦ ਉਹ ਸ਼ੇਰ ਬਣ ਕੇ ਉਸਦੀ ਛਾਤੀ ਉੱਪਰ ਖਲੋ ਜਾਂਦੇ ਸੀ ਕਿ ਤੂੰ ਪੀਰਾਂ ਦੇ ਪੀਰ ਨੂੰ ਕੈਦ ਕੀਤਾ ਹੋਇਆ ਹੈ। ਜਹਾਂਗੀਰ ਨੇ ਘਬਰਾ ਕੇ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਲੇਕਿਨ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਕਿਹਾ ਕਿ ਅਸੀਂ ਇੱਕਲੇ ਬਾਹਰ ਨਹੀਂ ਜਾਵਾਂਗੇ। ਸਾਡੇ ਨਾਲ ਜੋ ਰਾਜੇ ਅਤੇ ਪਰਜਾ ਦੇ ਮੁਖੀ ਨਾਜਾਇਜ ਬੰਦ ਕੀਤੇ ਹੋਏ ਹਨ ਉਹਨਾਂ ਨੂੰ ਵੀ ਰਿਹਾ ਕਰੋ। ਤਦ ਜਹਾਂਗੀਰ ਨੇ ਕਿਹਾ ਕਿ ਜੋ ਤੁਹਾਡਾ ਪੱਲਾ ਫੜ ਕੇ ਬਾਹਰ ਆ ਜਾਵੇਗਾ ਉਸ ਨੂੰ ਅਸੀਂ ਰਿਹਾ ਕਰ ਦੇਵਾਂਗੇ। ਤਦ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਚੋਲਾ ਸਿਲਵਾ ਕੇ ਉਸ ਨੂੰ ਛੋਟੀਆਂ-ਵੱਡੀਆਂ ਤਣੀਆਂ ਲਗਵਾ ਦਿੱਤੀਆਂ। ਉਸ ਵਕਤ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਦੇ ਨਾਲ 52 ਰਾਜੇ ਮਹਾਂਰਾਜੇ ਜੋ ਗੁਰੂ ਘਰ ਨਾਲ ਪਿਆਰ ਕਰਦੇ ਸਨ ਨੂੰ ਤਣੀਆਂ ਫੜਾ ਕੇ ਜੇਲ੍ਹ ਵਿੱਚੋਂ ਬਾਹਰ ਲੈ ਆਂਦਾ। ਇਸ ਕਰਕੇ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੂੰ ਬੰਦੀ ਛੋੜ ਕਿਹਾ ਜਾਂਦਾ ਹੈ। ਜਦੋਂ ਹਜ਼ੂਰ ਛੇਵੇਂ ਪਾਤਿਸ਼ਾਹ ਗਵਾਲੀਅਰ ਤੋਂ ਰਿਹਾ ਹੋ ਕੇ ਅੰਮ੍ਰਿਤਸਰ ਪਹੁੰਚੇ ਉਸ ਦਿਨ ਦੀਵਾਲੀ ਸੀ ਅਤੇ ਲੋਕਾਂ ਨੇ ਸਵਾਗਤ ਲਈ ਦੀਪਮਾਲਾ ਕੀਤੀ ਸੀ। ਉਸ ਦਿਨ ਨੂੰ ਅੱਜਕੱਲ ਬੰਦੀ ਛੋੜ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਸ੍ਰੀ ਰਾਮ ਚੰਦਰ ਜੀ ਜਦੋਂ ਬੱਦੀ ਅਤੇ ਨੇਕੀ ਦੀ ਜੰਗ ਤੋਂ ਬਾਅਦ ਲੰਕਾ ਨੂੰ ਜਿੱਤ ਕੇ ਅਤੇ ਰਾਜਭਾਗ ਵਿਭੀਸ਼ਣ ਦੇ ਹਵਾਲੇ ਕਰਕੇ ਅਯੁੱਧਿਆ ਪਹੁੰਚੇ ਸਨ ਤਦ ਪਰਜਾ ਅਤੇ ਦੁਨੀਆਂ ਨੇ ਖੁਸ਼ੀ ਮਨਾਈ ਸੀ ਅਤੇ ਦੀਪਮਾਲਾ ਕੀਤੀ ਗਈ। ਇਸ ਤਰ੍ਹਾਂ ਦੀਪਮਾਲਾ ਤ੍ਰੇਤਾ ਜੁਗ ਤੋਂ ਚਲੀ ਆ ਰਹੀ ਹੈ ਅਤੇ ਸਿੱਖ ਧਰਮ ਵਾਲੇ ਇਸ ਨੂੰ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਦੇ ਰਿਹਾਅ ਹੋਣ ਤੋਂ ਲੈ ਕੇ ਮਨਾ ਰਹੇ ਹਨ। ਸੋਈ ਆਈ ਸੰਗਤ ਨੂੰ ਦੀਵਾਲੀ ਦੀ ਅਤੇ ਬੰਦੀ ਛੋੜ ਦਿਵਸ ਦੀ ਲੱਖ-ਲੱਖ ਵਧਾਈ ਹੋਵੇ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਜੋ ਵੀ ਪ੍ਰਾਣੀ ਸਾਧੂਆਂ ਦੀ ਸ਼ਰਨ ਵਿੱਚ ਆਉਂਦੇ ਹਨ ਜਾਂ ਸਾਧੂਆਂ ਦੀ ਸੰਗਤ ਵਿੱਚ ਆ ਕੇ ਸੇਵਾ ਅਤੇ ਟਹਿਲ ਕਰਦੇ ਹਨ ਉਹਨਾਂ ਦਾ ਦੁਨੀਆਂ ਨਾਲੋਂ ਸਮਾਜਿਕ ਅਤੇ ਵਿਵਹਾਰਿਕ ਤੌਰ ਤੇ ਫਰਕ ਪੈ ਜਾਂਦਾ ਹੈ। ਉਹਨਾਂ ਵਿੱਚ ਕੁਝ ਗੁਣ ਪ੍ਰਵੇਸ਼ ਕਰਦੇ ਹਨ ਕਿਉਂਕਿ

*ਸਰਵਰ ਤਰਵਰ ਸੰਤ ਜਨ ਚੌਥੇ ਬਰਸੇ ਮੇਹ*
*ਪਰਮਾਰਥ ਕੇ ਕਾਰਨੇ ਚਾਰੋਂ ਧਾਰੇਂ ਦੇਹ।*

ਸਾਧੂ ਪਰਮਾਰਥ ਵਾਸਤੇ ਦੁਨੀਆਂ ਵਿੱਚ ਅਵਤਾਰ ਲੈਂਦੇ ਹਨ। ਦਰੱਖਤ ਵੀ ਪਰਾਏ ਹਿੱਤ ਵਾਸਤੇ ਫੁੱਲ, ਫਲ, ਛਾਇਆ ਦਿੰਦੇ ਹਨ। ਦਰੱਖਤ ਆਪਣੇ ਆਪ ਨੂੰ ਚਿਰਵਾ ਕੇ ਦਰਵਾਜ਼ੇ ਖਿੜਕੀਆਂ ਬਣ ਕੇ ਅਤੇ ਜੋ ਲਕੜੀ ਬਚਦੀ ਹੈ ਉਹ ਸੜ ਕੇ ਇਨਸਾਨ ਦਾ ਖਾਣਾ ਪਕਾਉਣ ਦੇ ਕੰਮ ਆਉਂਦਾ ਹੈ। ਇਸੇ ਤਰ੍ਹਾਂ ਬਾਰਿਸ਼ ਵੀ ਪਰਾਏ ਹਿੱਤ ਵਾਸਤੇ ਪੈਂਦੀ ਹੈ। ਅਗਰ ਬਾਰਿਸ਼ ਨਾ ਹੋਵੇ ਤਦ ਦੁਨੀਆਂ ਵਿੱਚ ਕਹਿਰ ਪੈ ਜਾਵੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਵੀ ਪ੍ਰਾਣੀ ਸਾਧੂ ਦੀ ਸ਼ਰਨ ਵਿੱਚ ਆਉਂਦੇ ਹਨ ਅਤੇ ਆ ਕੇ ਸੇਵਾ ਕਰਦੇ ਹਨ ਉਹਨਾਂ ਵਿੱਚ ਦੁਨੀਆਂ ਨਾਲੋਂ ਫਰਕ ਹੁੰਦਾ ਹੈ।

**ਧੁੰਧ ਬੰਧੁ ਅਰੁ ਸਗਲ ਜੰਜਾਰੋ**

**ਅਵਰ ਕਾਜ ਤੇ ਛੂਟਿ ਪਰੀ ॥ ਰਹਾਉ ॥**

ਅਸੀਂ ਵੀ ਧੰਦੇ ਅਰਥਾਤ ਕਾਰੋਬਾਰ ਕਰਦੇ ਹਾਂ। ਸਾਧੂ ਵੀ ਬਾਹਰਮੁੱਖ ਦੁਨਿਆਵੀ ਤੌਰ 'ਤੇ ਕਾਰੋਬਾਰ ਕਰਦੇ ਹਨ ਪਰ ਉਸ ਵਿੱਚ ਉਹਨਾਂ ਨੂੰ ਕੋਈ ਜਾਤੀ ਜਾਂ ਵਿਅਕਤੀਗਤ ਲਾਭ ਨਹੀਂ ਹੁੰਦਾ। ਉਹ ਲੋਕ ਭਲਾਈ ਅਤੇ ਲੋਕ ਕਲਿਆਣ ਹਿੱਤ ਕੰਮ ਕਰਦੇ ਹਨ। ਬੰਧਨ ਤੋਂ ਭਾਵ ਹੈ ਪਰਿਵਾਰਿਕ ਰਿਸ਼ਤੇਦਾਰੀਆਂ ਦੇ ਮੋਹ। ਭੈਣ ਭਰਾਵਾਂ ਦੇ ਮੋਹ ਵਿੱਚ ਫਸ ਕੇ ਇਨਸਾਨ ਸਿਆਸੀ, ਧਾਰਮਿਕ ਅਤੇ ਸਮਾਜਿਕ ਤੌਰ ਤੇ ਨਿਰਲੇਪ ਨਹੀਂ ਰਹਿੰਦੇ। ਉਹ ਕਿਸੇ ਨਾ ਕਿਸੇ ਦਾ ਪੱਖ ਲੈਣਗੇ। ਪਰ ਸਾਧੂ ਸੱਚ ਉੱਪਰ ਹੀ ਪਹਿਰਾ ਦਿੰਦੇ ਹਨ। ਸਾਧੂ ਦੁਨਿਆਵੀ ਬੰਧਨਾਂ ਤੋਂ ਮੁਕਤ ਹੋ ਚੁੱਕੇ ਹੁੰਦੇ ਹਨ ਅਤੇ ਉਹ ਜਾਤੀ ਸੁਆਰਥ ਲਈ ਕੰਮ ਨਹੀਂ ਕਰਦੇ।

**ਸੂਖ ਸਹਜ ਅਰੁ ਘਨੋ ਅਨੰਦਾ**

**ਗੁਰ ਤੇ ਪਾਇਓ ਨਾਮੁ ਹਰੀ ॥**

ਜਦੋਂ ਇਨਸਾਨ ਐਸੀ ਦਸ਼ਾ ਵਿੱਚ ਆਉਂਦਾ ਹੈ ਉਸ ਨੂੰ ਸੁਖ ਜਿਹਾ ਮਹਿਸੂਸ ਹੁੰਦਾ ਹੈ, ਉਸ ਦੇ ਅੰਦਰ ਸਹਿਜ ਅਵਸਥਾ ਆ ਜਾਂਦੀ ਹੈ ਕਿ

*ਬਿਸਰਿ ਗਈ ਸਭ ਤਾਤਿ ਪਰਾਈ ॥*

*ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥*

*ਨਾ ਕੋ ਬੈਰੀ ਨਹੀ ਬਿਗਾਨਾ*

*ਸਗਲ ਸੰਗਿ ਹਮ ਕਉ ਬਨਿ ਆਈ ॥੧॥ (ਅੰਗ 1299)*

ਉਹਨਾਂ ਵਾਸਤੇ ਕੋਈ ਵੈਰੀ, ਦੁਸ਼ਮਣ ਜਾਂ ਸਕਾ ਨਹੀਂ ਹੁੰਦਾ। ਸੰਗਤ ਦੇ ਜੀਵ ਜਿਸ ਤਰ੍ਹਾਂ ਦੇ ਸਾਧੂ ਦੀ ਸੰਗਤ ਵਿੱਚ ਆ ਕੇ ਅਮਲ ਕਰਦੇ ਹਨ ਉਸੇ ਤਰ੍ਹਾਂ ਦੀ ਉਹਨਾਂ ਦੀ ਭਾਵਨਾ ਬਣ ਜਾਂਦੀ ਹੈ ਅਤੇ ਸਾਧੂ ਉਸੇ ਤਰ੍ਹਾਂ ਦਾ ਉਹਨਾਂ ਨਾਲ ਪਿਆਰ ਕਰਦੇ ਹਨ। ਹਜ਼ੂਰ ਪੰਜਵੇਂ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਸੰਤਾ ਦੀ ਸੰਗਤ ਕਰਨ ਦਾ ਇਹ ਫਲ ਅਤੇ ਫਾਇਦਾ ਹੁੰਦਾ ਹੈ ਕਿ ਜੋ ਜੀਵ ਸੰਤਾਂ ਦੀ ਸੰਗਤ ਕਰਦੇ ਹਨ ਉਹਨਾਂ ਦੇ ਅੰਦਰ ਸਹਿਜ ਅਵਸਥਾ ਆ ਕੇ ਆਪਣੇ ਆਪ ਬਿੰਡੇ ਦੀ ਅਵਾਜ ਸੁਣਨੀ ਸ਼ੁਰੂ ਹੋ ਜਾਂਦੀ ਹੈ।

**ਐਸੋ ਹਰਿ ਰਸੁ ਬਰਨਿ ਨ ਸਾਕਉ**

**ਗੁਰਿ ਪੂਰੈ ਮੇਰੀ ਉਲਟਿ ਧਰੀ ॥੧॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੇਰੇ ਉੱਪਰ ਜੋ ਬਖਸ਼ਿਸ਼ ਹੋਈ ਹੈ ਇਹ ਵਰਨਣ ਅਤੇ ਵਿਆਖਿਆ ਤੋਂ ਬਾਹਰ ਹੈ, ਦੱਸਣ ਤੋਂ ਬਾਹਰ ਹੈ। ਮੇਰੀ ਸੋਚ ਸਾਰੀ ਉਲਟੀ ਹੋ ਗਈ ਹੈ। ਉਲਟੀ ਤੋਂ ਭਾਵ ਹੈ ਕਿ ਪਹਿਲਾਂ ਮੈਂ ਪਰਿਵਾਰ ਦੇ ਮੋਹ ਵਿੱਚ ਫਸਿਆ ਹੋਇਆ ਸੀ ਹੁਣ ਮੈਂ ਪਰਿਵਾਰ ਨਾਲੋਂ ਮੋਹ ਤੋੜ ਕੇ ਆਪਣੇ ਸਤਿਗੁਰ ਨਾਲ ਜੋੜ ਲਿਆ ਹੈ। ਬੁੱਲ੍ਹੇ ਸ਼ਾਹ ਨੇ ਆਪਣੇ ਸਤਿਗੁਰ ਨੂੰ ਪੁੱਛਿਆ ਸੀ ਕਿ ਸੱਚੇ ਪਾਤਿਸ਼ਾਹੋ! ਉਹ ਰੱਬ ਕਿਸ ਤਰ੍ਹਾਂ ਮਿਲਦਾ ਹੈ। ਉਹਨਾਂ ਨੇ ਫ਼ੁਰਮਾਨ ਕੀਤਾ

*ਬੁਲ੍ਹਿਆ। ਰੱਬ ਦਾ ਕੀ ਪਾਉਣਾ।*

*ਐਧਰੋਂ ਪੁੱਟਣਾ ਅਤੇ ਓਧਰ ਲਾਉਣਾ।*

ਜਦੋਂ ਅਸੀਂ ਪਰਿਵਾਰਿਕ ਮੋਹ ਅਤੇ ਧੰਦਿਆਂ ਨੂੰ ਛੱਡ ਕੇ ਮਾਲਿਕ ਨਾਲ ਜੁੜ ਜਾਂਦੇ ਹਾਂ ਤਦ ਉਸ ਨੂੰ ਉਲਟੀ ਕਿਹਾ ਗਿਆ ਹੈ। ਜਦੋਂ ਇਨਸਾਨ ਧੰਦਿਆਂ ਨੂੰ ਛੱਡ ਕੇ ਉਲਟੀ ਕਰਦਾ ਹੈ ਤਾਂ ਹਜ਼ੂਰ ਨੇ ਫ਼ੁਰਮਾਨ ਕੀਤਾ ਕਿ

*ਉਲਟਾ ਕੂੰਆ ਗਗਨ ਮੇਂ ਜਾ ਮਹਿ ਜਲੇ ਚਿਰਾਗ।*

ਅਗਰ ਧਰਤੀ ਉੱਪਰ ਖੂਹ ਹੋਵੇ ਤਦ ਉਸ ਨੂੰ ਖੂਹ ਕਿਹਾ ਜਾਂਦਾ ਹੈ। ਪਰ ਜੇਕਰ ਖੂਹ ਅਸਮਾਨ ਵੱਲ ਨੂੰ ਬਣਿਆ ਹੋਵੇ ਤਦ ਉਸ ਨੂੰ ਖੂਹ ਨਹੀਂ ਕਹਿੰਦੇ। ਪਰ ਸੰਤਾਂ ਨੇ ਫ਼ੁਰਮਾਇਆ ਹੈ ਕਿ ਅਸਮਾਨ ਵੱਲ ਨੂੰ ਖੂਹ ਬਣਦਾ ਹੈ।

*ਉਲਟਾ ਕੂੰਆ ਗਗਨ ਮੇਂ ਜਾ ਮਹਿ ਜਲੇ ਚਿਰਾਗ।*

*ਜਾ ਮਹਿ ਜਲੇ ਚਿਰਾਗ ਬਿਨ ਰੋਗਨ ਬਿਨ ਬਾਤੀ।*

*ਜਲਤਾ ਬਾਰਾਂ ਮਾਸ ਚਹੁੰ ਦਿਨ ਰਾਤੀ।*

*ਨਿਕਸੇ ਏਕ ਆਵਾਜ ਚਿਰਾਗ ਕੇ ਜੋਤੀ ਮਾਹਿ।*

*ਗਿਆਨ ਸਮਾਧੀ ਸੁਨੇ ਅਉਰ ਕੋਈ ਸੁਨਤਾ ਨਾਹਿ।*

*ਪਲਟੂ ਜੋ ਕੋ ਸੁਨੇ ਤਾ ਕੇ ਪੂਰਨ ਭਾਗ।*

*ਉਲਟਾ ਕੂੰਆ ਗਗਨ ਮੇਂ ਜਾ ਮਹਿ ਜਲੇ ਚਿਰਾਗ।*

ਫੇਰ ਲੋਕ ਉਸ ਜੀਵ ਨੂੰ ਹਰ ਪੱਖੋਂ ਸ਼ਦਾਈ ਕਹਿਣਗੇ। ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਵੀ ਛੱਬੀ ਸਾਲ ਨੌਂ ਮਹੀਨੇ ਤੇਰ੍ਹਾਂ ਦਿਨ ਭੋਰੇ ਵਿੱਚ ਬੈਠ ਕੇ ਸਿਮਰਨ ਕੀਤਾ ਸੀ ਤਦ ਲੋਕਾਂ ਨੇ ਉਹਨਾਂ ਨੂੰ ਕਮਲਿਆਂ ਕਿਹਾ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਦੁਨੀਆਂ ਉੱਪਰ ਬਖਸ਼ਿਸ਼ ਕੀਤੀ ਅਤੇ ਸੱਚਾ ਭੇਦ ਪਰਗਟ ਕੀਤਾ ਕਿ

*ਸੱਚਾ ਗੁਰੂ ਲਾਧਿਓ ਰੇ। ਸੱਚਾ ਗੁਰੂ ਲਾਧਿਓ ਰੇ।*

ਵਾਸਤਵ ਵਿੱਚ ਜਦੋਂ ਮੱਖਣ ਸ਼ਾਹ ਲੁਬਾਣਾ ਜੀ ਨੇ ਬਾਬਾ ਬਕਾਲੇ ਆ ਕੇ ਸਾਰਿਆਂ ਦੇ ਅੱਗੇ ਪੰਜ-ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ ਅਤੇ ਜਦੋਂ ਕੋਈ ਵੀ ਅੱਗਿਉਂ ਨਾ ਬੋਲਿਆ ਤਦ ਉਹਨਾਂ ਨੇ ਪੁੱਛਿਆ ਕਿ ਇੱਥੇ ਹੋਰ ਵੀ ਕੋਈ ਸੰਤ ਮਹਾਂਪੁਰਸ਼ ਹਨ ? ਤਦ ਲੋਕ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਦਾ ਅੱਧਾ ਨਾਮ ਲੈ ਕੇ ਕਹਿਣ ਲੱਗੇ ਕਿ ਤੇਗੂ ਕਮਲਾ ਵੀ ਇੱਥੇ ਰਹਿੰਦਾ ਹੈ। ਲੋਕਾਂ ਨੇ ਪੂਰਨ ਸੰਤਾਂ ਨੂੰ ਅੱਧੇ ਨਾਮ ਨਾਲ ਅਤੇ ਕਮਲਿਆਂ ਕਹਿ ਕੇ ਪੁਕਾਰਿਆ। ਉਹ ਪੂਰਨ ਸੰਤ ਸਮਾਜ ਦੀਆਂ ਰੀਤਾਂ ਨੂੰ ਛੱਡ ਚੁੱਕੇ ਹੁੰਦੇ ਹਨ। ਇਸ ਕਰਕੇ ਮਾਲਿਕ ਆਪਣੇ ਆਪ ਉਹਨਾਂ ਉੱਪਰ ਬਖਸ਼ਿਸ਼ ਕਰਦੇ ਹਨ।

**ਪੇਖਿਓ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ ॥**

ਫੇਰ ਉਸ ਜੀਵ ਨੂੰ ਸਾਰਿਆਂ ਘਟਾਂ ਵਿੱਚ ਆਪਣੇ ਸਤਿਗੁਰ ਨਜ਼ਰ ਆਉਂਦੇ ਹਨ। ਇਹ ਠੀਕ ਹੈ ਕਿ ਅਸੀਂ ਅਲੋਕਾਰ ਤਾਂ ਬਿਮਾਰ ਨਹੀਂ ਹੋਏ। ਬਾਕੀ ਵੀ ਬਹੁਤ ਸਾਰੀ ਸੰਗਤ ਨੂੰ ਡੇਂਗੂ

ਹੋਇਆ ਹੈ, ਬੁਖਾਰ ਚੜ੍ਹੇ ਹਨ। ਪਰ ਸਾਨੂੰ ਧੀਆਂ ਪੁੱਤਰ ਅਤੇ ਡਾਕਟਰ ਵੀ ਰੋਕਦੇ ਰਹੇ ਕਿ ਤੁਸੀਂ ਮਰੀਜਾਂ ਵਿੱਚ ਨਾ ਜਾਉ। ਕਿਸੇ ਨੂੰ ਮਿਲਣ ਨਾ ਜਾਉ। ਕਿਸੇ ਦੇ ਨੇੜੇ ਨਾ ਜਾਉ। ਪਰ ਸਭ ਕੁਝ ਜਾਣਦਿਆਂ ਹੋਇਆਂ ਸਾਡੇ ਕੋਲੋਂ ਰਿਹਾ ਨਹੀਂ ਸੀ ਜਾਂਦਾ। ਜਦੋਂ ਸਾਨੂੰ ਕਹਿੰਦੇ ਸੀ ਕਿ ਫਲ੍ਹਾਣੇ ਜੀਵ ਦੇ ਸੈੱਲ ਬਿਲਕੁੱਲ ਘਟ ਗਏ ਹਨ ਡਾਕਟਰ ਉਸ ਨੂੰ ਜੁਆਬ ਦੇ ਰਹੇ ਹਨ। ਜਿਸ ਤਰ੍ਹਾਂ ਜੋਗਿੰਦਰ ਸਿੰਘ ਬਾਜਵਾ ਨੇ ਬਹੁਤ ਸੇਵਾ ਕੀਤੀ ਹੈ। ਉਹ ਬਹੁਤ ਬਿਮਾਰ ਹੋਏ। ਕਿਉਂਕਿ ਜੋ ਆਦਮੀ ਸਾਨੂੰ ਪਾਣੀ ਦਾ ਗਿਲਾਸ ਵੀ ਪਿਲਾ ਦਿੰਦਾ ਹੈ ਉਹ ਐਨਾ ਵੱਡਾ ਅਹਿਸਾਨ ਕਰਦਾ ਹੈ ਕਿ ਮੈਂ ਬਾਬਾ ਜੀ ਨੂੰ ਪਾਣੀ ਦਾ ਗਿਲਾਸ ਪਿਆਇਆ ਸੀ। ਜਿਹੜਾ ਜੀਵ ਸੇਵਾ ਕਰਦਾ ਹੈ ਉਸ ਨੇ ਤਾਂ ਕਰਨੀ ਹੀ ਹੁੰਦੀ ਹੈ। ਪਰ ਜੀਵ ਇਹ ਆਸ ਰੱਖਦਾ ਹੈ ਕਿ ਮੈਂ ਬਿਮਾਰ ਹੋਇਆ ਹਾਂ ਬਾਬਾ ਜੀ ਮੈਨੂੰ ਅਜੇ ਤੱਕ ਮਿਲਣ ਹੀ ਨਹੀਂ ਆਏ। ਉਹ ਕਹਿਣਗੇ ਬਾਬਾ ਜੀ ਨੂੰ ਜਾ ਕੇ ਦੱਸੋ ਕਿ ਮੈਂ ਬਿਮਾਰ ਹੋਇਆ ਹਾਂ। ਮੈਸੇਜ ਬੁੱਕ ਭਰੀ ਹੁੰਦੀ ਹੈ। ਫੇਰ ਅਸੀਂ ਬੇਨਤੀ ਕੀਤੀ ਕਿ ਹਜ਼ੂਰ ਤੁਹਾਡੀ ਮੌਜ ਹੈ ਠੀਕ ਹੀ ਹੋਵੇਗਾ। ਅਸੀਂ ਲੋੜ ਮੁਤਾਬਿਕ ਡਾਕਟਰਾਂ ਨੂੰ ਮਿਲੇ ਮਰੀਜਾਂ ਨੂੰ ਮਿਲੇ। ਪਰ ਜੇਕਰ ਕਿਸੇ ਨੌਜਵਾਨ ਬੰਦੇ ਨੂੰ ਕੋਈ ਬਿਮਾਰੀ ਲੱਗਦੀ ਹੈ ਤਾਂ ਉਸ ਦੇ ਸਰੀਰ ਦੇ Suporting cells ਮਜਬੂਤ ਹੁੰਦੇ ਹਨ। ਕਿਉਂਕਿ ਅਸੀਂ ਸ਼ੁਰੂ ਤੋਂ ਐਨਜ਼ਾਈਨਾ ਦੇ ਮਰੀਜ ਹਾਂ, ਸ਼ੂਗਰ ਦੇ ਮਰੀਜ ਹਾਂ, ਸਟਾਮਿਕ ਦੇ ਮਰੀਜ ਹਾਂ। ਇਹ ਬਿਮਾਰੀਆਂ ਆਂਟੀਆਂ ਹਨ। ਆਂਟੀਆਂ ਭਾਵ ਮਾਮੀ, ਮਾਸੀ, ਚਾਚੀ, ਤਾਈ, ਭੂਆ ਸਭ ਨੂੰ ਅਸੀਂ ਆਂਟੀ ਕਹਿੰਦੇ ਹਾਂ, ਗੁਆਢਣਾਂ ਵੀ ਆਂਟੀਆਂ ਹਨ। ਜਦੋਂ ਇਹ ਸਾਰੀਆਂ ਦੇਖਦੀਆਂ ਹਨ ਕਿ ਫਲ੍ਹਾਣਾ ਜੀਵ ਬਿਮਾਰ ਹੋਇਆ ਹੈ ਤਦ ਇਹ ਸਾਰੀਆਂ ਸੋਚਦੀਆਂ ਹਨ ਕਿ ਇੱਕ ਦੋ ਘਸੁੰਨ ਅਸੀਂ ਵੀ ਮਾਰ ਲਈਏ। ਸਰੀਰਕ ਤੌਰ ਤੇ ਅਤੇ ਉਮਰ ਜਿਆਦਾ ਹੋਣ ਕਾਰਨ ਸਾਡੇ ਪਲੇਟਲੈੱਟਸ ਘਟ ਗਏ, ਟੀ. ਐੱਲ. ਸੀ. ਘਟ ਗਿਆ, ਪੀ. ਐਸ. ਸੀ. ਦਾ ਫਰਕ ਪੈ ਗਿਆ। ਹੈਮੋਗਲੋਬਿਨ ਘਟ ਗਿਆ ਅਰਥਾਤ ਕੋਈ ਐਸਾ ਨੁਕਸ ਨਹੀਂ ਰਿਹਾ ਜਿਹੜਾ ਸਾਨੂੰ ਨਹੀਂ ਲੱਗਾ। ਅਸੀਂ ਵੀ ਪਰੇਸ਼ਾਨ ਹੋਏ, ਡਾਕਟਰ ਵੀ ਪਰੇਸ਼ਾਨ ਹੋ ਗਏ। ਫੇਰ ਜਿਹੜੇ ਜੀਵਾਂ ਨੇ ਕਿਹਾ ਕਿ ਸਾਡਾ ਪਤਾ ਲੈਣ ਕਿਉਂ ਨਹੀਂ ਆਉਂਦੇ ਉਹਨਾਂ ਨੇ ਹੀ ਅਰਦਾਸਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਸ਼ਾਇਦ ਸਾਡੇ ਕਰਕੇ ਬਿਮਾਰ ਹੋਏ ਹਨ। ਸੱਚੇ ਪਾਤਿਸ਼ਾਹੋ! ਇਹਨਾਂ ਨੂੰ ਠੀਕ ਕਰ ਦਿਉ। ਸੋਈ ਅਸੀਂ ਨਾ ਹੀ ਬਿਮਾਰੀ ਲਾਉਣ ਵਾਲਿਆਂ ਵਿੱਚ ਅਤੇ ਨਾਹੀ ਹਟਾਉਣ ਵਾਲਿਆਂ ਵਿੱਚ ਹਾਂ। ਸੰਗਤ ਨੇ ਆਪੇ ਹੀ ਬਿਮਾਰੀ ਲਾ ਲਈ ਅਤੇ ਆਪੇ ਹੀ ਹਟਾ ਲਈ। ਅਤੇ ਹਜ਼ੂਰ ਨੇ ਬਖਸ਼ਿਸ਼ ਕਰ ਦਿੱਤੀ। ਇਹ ਠੀਕ ਹੈ ਕਿ ਇਹ ਬਿਮਾਰੀ ਮੱਛਰ ਦੇ ਕੱਟਣ ਨਾਲ ਹੋ ਜਾਂਦੀ ਹੈ ਪਰ ਜਲੰਧਰ ਦੀ ਹਵਾ ਵਿੱਚ ਹੀ ਐਸਾ ਵਾਇਰਲ ਆ ਚੁੱਕਾ ਸੀ ਕਿ ਉਸ ਨੇ ਕਿਸੇ ਵੀ ਪਰਿਵਾਰ ਨੂੰ ਨਹੀਂ ਬਖਸ਼ਿਆ। ਡੇਂਗੂ ਵਰਗੀਆਂ ਨਾ ਮੁਰਾਦ ਬਿਮਾਰੀਆਂ ਲੱਗੀਆਂ। ਪਰ ਅਸੀਂ ਕਹਿੰਦੇ ਹਾਂ ਕਿ ਮਾਲਿਕ ਜੋ ਵੀ ਕਰਦੇ ਹਨ ਵਧੀਆ ਹੀ ਕਰਦੇ ਹਨ। ਅਗਰ ਇਹ ਬਿਮਾਰੀ ਕਿਤੇ ਗੁਰਦਾਸਪੁਰ, ਪਠਾਨਕੋਟ ਜਾਂ ਡੇਰਾ ਬਾਬਾ ਨਾਨਕ ਵਰਗੇ ਪਛੜੇ ਇਲਾਕਿਆਂ ਵਿੱਚ ਹੁੰਦੀ, ਤਰਨਤਾਰਨ, ਖੇਮਕਰਨ ਵੱਲ ਹੁੰਦੀ ਤਦ ਉੱਥੋਂ ਦੇ ਵਿਚਾਰੇ ਗਰੀਬ ਲੋਕ ਕੀ ਕਰਦੇ? ਜਲੰਧਰ ਵਾਲੇ ਅਮੀਰ ਬੰਦੇ ਹਨ, ਵਿਦੇਸ਼ਾਂ ਵਿੱਚ ਰਹਿੰਦੇ ਹਨ। ਬਿਮਾਰੀਆਂ ਵੀ ਵਧੀਆ-ਵਧੀਆ ਲੱਗੀਆਂ ਅਤੇ ਮਸ਼ੀਨਾਂ ਵੀ ਵਧੀਆ ਹੋਣ ਕਰਕੇ ਇਲਾਜ ਵਧੀਆ ਹੋ ਗਿਆ ਵਰਨਾ ਉੱਧਰ ਦੇ ਗਰੀਬ ਲੋਕ ਕੀ ਕਰਦੇ। ਕੁਦਰਤ ਦੀ ਇੱਕ ਐਸੀ ਲੀਲਾ ਹੈ ਕਿ ਜਿਸ ਉੱਪਰ ਗੁਰਬਾਣੀ ਦੀ ਬਖਸ਼ਿਸ਼ ਹੋਵੇਗੀ ਜਿਸ ਦਾ ਗੁਰਬਾਣੀ ਨਾਲ ਪਿਆਰ ਹੋਵੇਗਾ ਉਹ ਦੂਸਰੇ ਨੂੰ ਅੱਗ ਵਿੱਚੋਂ ਕੱਢਣ ਲਈ ਸੰਨ੍ਹੀ ਜਰੂਰ ਬਣਦਾ ਹੈ। ਸੰਨੀ ਇੱਕ ਚਿਮਟੇ ਵਰਗੀ ਹੁੰਦੀ ਹੈ। ਅੱਗ ਵਿੱਚ ਰੰਬੇ, ਦਾਤਰੀ, ਕਹੀਆਂ ਨੂੰ ਗਰਮ ਕਰਕੇ ਲੋਹਾਰ ਸੰਨ੍ਹੀ ਨਾਲ ਬਾਹਰ ਕੱਢਦੇ ਹਨ। ਫੇਰ ਉਹ ਗਰਮ ਲੋਹੇ ਨੂੰ ਕੁੱਟ ਕੇ ਔਜ਼ਾਰ ਬਣਾ ਲੈਂਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਨਿਸ਼ਚੇ ਰੱਖੋ ਜਦ ਤੱਕ ਤੁਹਾਡੇ ਅੰਦਰ ਦੂਸਰੇ ਨਾਲ ਹਮਦਰਦੀ ਨਹੀਂ ਸ਼ੁਰੂ ਹੋਈ ਸਮਝੋ ਤੁਸੀਂ ਅਜੇ ਤੱਕ ਗੁਰਬਾਣੀ ਵੱਲ ਨਹੀਂ ਤੁਰੇ। ਜਦੋਂ ਤੁਹਾਡੇ ਅੰਦਰ ਦੂਸਰਿਆਂ ਵਾਸਤੇ ਹਮਦਰਦੀ ਆ ਜਾਵੇਗੀ ਅਤੇ ਹੋਰ ਗੁਣ ਆ ਜਾਣਗੇ ਜਿਵੇਂ ਕਿ

*ਗ੍ਰੰਥ ਪੰਥ ਸਭ ਜਗਤ ਕੇ ਬਾਤ ਬਤਾਵੇਂ ਤੀਨ।*
*ਮਨ ਨਿਰਮਲ ਹਿਰਦੇ ਦਇਆ ਤਨ ਸੇਵਾ ਮੇਂ ਲੀਨ।*

ਚਾਹੇ ਪਵਿੱਤਰ ਰਮਾਇਣ ਪੜ੍ਹੋ, ਚਾਹੇ ਸ੍ਰੀ ਮਦ ਭਗਵਤ ਗੀਤਾ ਚਾਹੇ ਪਵਿੱਤਰ ਕੁਰਾਨ ਸ਼ਰੀਫ਼ ਪੜ੍ਹੋ, ਚਾਹੇ ਹੋਲੀ ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹ ਲਵੋ ਸਾਰੇ ਹੀ ਗ੍ਰੰਥ ਤਿੰਨ ਸਿੱਖਿਆ ਦਿੰਦੇ ਹਨ ਕਿ ਉਸ ਜੀਵ ਦੇ ਹਿਰਦੇ ਵਿੱਚ ਦੂਸਰਿਆਂ ਲਈ ਦਇਆ ਆਵੇਗੀ। ਉਹ ਡਰਾਮੇ ਨਾ ਕਰਕੇ ਨਿਰਮਲ ਮਨ ਵਾਲਾ ਹੋਵੇਗਾ। ਉਹ ਜੋ ਬਾਹਰਮੁੱਖ ਕਹਿਣਗੇ ਉਹੋ ਹੀ ਅੰਦਰ ਹੋਵੇਗਾ ਅਤੇ ਉਸ ਦੇ ਮਨ ਨੂੰ ਖੁਸ਼ੀ ਹੋਵੇਗੀ ਕਿ ਮੈਂ ਕਿਸੇ ਦੀ ਸੇਵਾ ਕਰਾਂ। ਸੇਵਾ ਫੋਟੋਆਂ ਖਿਚਾਉਣ ਲਈ ਜਾਂ ਦਿਖਾਵੇ ਲਈ ਨਾ ਕਰੇ। ਸਭ ਤੋਂ ਉੱਤਮ ਸੇਵਾ ਇਨਸਾਨ ਦੀ ਸੇਵਾ ਹੈ।

*ਜੋ ਜਨ ਧਿਆਵਹਿ ਹਰਿ ਹਰਿ ਨਾਮਾ॥*
*ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥*
*ਜਨ ਕੀ ਸੇਵਾ ਉਤਮ ਕਾਮਾ॥੨॥ (ਅੰਗ 164)*

ਪ੍ਰੰਤੂ ਸਾਡਾ ਸਮਾਜ ਬਹੁਤ ਪਦਾਰਥਵਾਦੀ ਹੋ ਚੁੱਕਾ ਹੈ। ਉਹ ਆਪਣੇ ਮਾਤਾ-ਪਿਤਾ ਦੀ ਸੇਵਾ ਕਰਨ ਲਈ ਵੀ ਤਿਆਰ ਨਹੀਂ ਹੈ। ਹੋਰ ਕਿਸੇ ਦੀ ਉਹ ਕੀ ਸੇਵਾ ਕਰਨਗੇ? ਜਿਸ ਮਾਂ ਨੇ ਜਨਮ ਦਿੱਤਾ। ਨੌਂ ਮਹੀਨੇ ਕੁੱਖ ਵਿੱਚ ਲੈ ਕੇ ਤੁਰੀ ਫਿਰਦੀ ਰਹੀ ਹੈ। ਆਪ ਗਿੱਲੇ ਥਾਂ ਸੌਂ ਕੇ ਸਾਨੂੰ ਸੁੱਕੀ ਜਗ੍ਹਾ ਰੱਖਿਆ, ਆਪਣੀ ਛਾਤੀ ਚੋਂ ਦੁੱਧ ਪਿਆਇਆ। ਪਰ ਉਹੋ ਔਲਾਦ ਉਸ ਨੂੰ ਬਜ਼ੁਰਗ ਹੋਣ ਉਪਰੰਤ ਸਾਂਭਦੀ ਨਹੀਂ ਹੈ। ਜੋ ਮਾਤਾ-ਪਿਤਾ ਬੱਚਿਆਂ ਨੂੰ

ਮੋਢਿਆਂ ਉੱਪਰ ਚੁੱਕ-ਚੁੱਕ ਕੇ ਖਿਡਾਉਂਦੇ ਹਨ ਜਦੋਂ ਉਹ ਮੋਢੇ ਝੁੱਕ ਜਾਂਦੇ ਹਨ ਤਾਂ ਉਹਨਾਂ ਬੱਚਿਆਂ ਕੋਲ ਉਹਨਾਂ ਮੋਢਿਆਂ ਨੂੰ ਸਹਾਰਾ ਦੇਣ ਲਈ ਸਮਾਂ ਨਹੀਂ ਹੁੰਦਾ। ਸੋਈ ਕਿਸੇ ਨੂੰ ਪੁੱਛਣ ਦੀ ਲੋੜ ਨਹੀਂ ਹੈ। ਤੁਸੀਂ ਆਪਣੇ ਅੰਦਰ ਝਾਤੀ ਮਾਰ ਲਵੋ ਕਿ ਇਹਨਾਂ ਤਿੰਨਾਂ ਗੁਣਾਂ ਵਿੱਚੋਂ ਤੁਹਾਡੇ ਅੰਦਰ ਕੋਈ ਗੁਣ ਹੈ? ਅਗਰ ਇਹਨਾਂ ਵਿੱਚੋਂ ਕੋਈ ਗੁਣ ਤੁਹਾਡੇ ਅੰਦਰ ਹੈ ਤਦ ਸਮਝੋ ਕਿ ਤੁਹਾਡੇ ਉੱਪਰ ਗੁਰਬਾਣੀ ਦੀ ਬਖਸ਼ਿਸ਼ ਹੈ। ਪਹਿਲਾਂ ਡਾਕਟਰ ਨੂੰ ਰੱਬ ਦਾ ਰੂਪ ਸਮਝਦੇ ਸੀ ਪਰ ਹੁਣ ਡਾਕਟਰ ਵੀ ਪੈਸੇ ਪਿੱਛੇ ਤੁਰ ਪਏ ਹਨ। ਉਹਨਾਂ ਦੀ ਵੀ ਸੋਚ ਬਦਲ ਗਈ ਹੈ। ਸਾਡੇ ਹਸਪਤਾਲ ਵਿੱਚ ਡਾਕਟਰ ਵਿਨੋਦ ਜੀ ਹਨ। ਉਸ ਨੂੰ ਖੁਦ ਬੁਖਾਰ ਹੋ ਗਿਆ ਸੀ, ਪਲੇਟਲੈੱਟਸ ਘਟ ਗਏ ਸਨ ਪਰ ਉਹ ਉੱਥੇ ਹੀ ਬੈੱਡ ਉੱਪਰ ਲੇਟ ਗਿਆ ਕਿ ਮੈਂ ਲੇਟ ਕੇ ਹੀ ਲੋਕਾਂ ਨੂੰ ਦਵਾਈ ਲਿਖੀ ਜਾਵਾਂਗਾ। ਸੋਈ ਦੁਨੀਆਂ ਵਿੱਚ ਇਨਸਾਨੀਅਤ ਬਾਕੀ ਹੈ। ਪਰ ਜੋ ਜੀਵ ਸੰਤਾਂ ਦੀ ਸੰਗਤ ਕਰਦੇ ਹਨ ਸਿਰਫ਼ ਉਹੋ ਹੀ ਐਸੀ ਸੋਚ ਰੱਖਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਹਨਾਂ ਨੂੰ ਹਰ ਇੱਕ ਘਟ ਵਿੱਚ ਸਤਿਗੁਰ ਨਜ਼ਰ ਆਉਂਦੇ ਹਨ। ਕਿਤੇ ਵੀ ਸਤਿਗੁਰ ਘੱਟ ਨਜ਼ਰ ਨਹੀਂ ਆਉਂਦੇ। ਚਾਹੇ ਕੋਈ ਸੱਜਣ ਹੈ ਜਾਂ ਦੁਸ਼ਮਣ ਹੈ ਜਾਂ ਮਰੀਜ ਹੈ ਜਾਂ ਡਾਕਟਰ ਹੈ ਉਸ ਨੂੰ ਹਰ ਜਗ੍ਹਾ ਮਾਲਿਕ ਨਜ਼ਰ ਆਉਂਦੇ ਹਨ।

**ਪੂਰਨ ਪੂਰਿ ਰਹਿਓ ਕਿਰਪਾ ਨਿਧਿ**
**ਕਹੁ ਨਾਨਕ ਮੇਰੀ ਪੂਰੀ ਪਰੀ ॥੨॥**

ਉਹ ਸਤਿਗੁਰ ਪੂਰੇ ਹਨ ਹਰ ਥਾਂ ਭਰਪੂਰ ਹਨ ਇਸ ਕਰਕੇ ਮੇਰੀ ਉਨ੍ਹਾਂ ਨਾਲ ਨਿਭ ਗਈ। ਅਗਰ ਮਾਲਿਕ ਇੱਕ ਸੈਕਿੰਡ ਵੀ ਮੇਰੀ ਸਹਾਇਤਾ ਅਤੇ ਰੱਖਿਆ ਨਾ ਕਰਦੇ ਤਦ ਮੇਰੀ ਸੋਚ ਪੂਰੀ ਨਹੀਂ ਸੀ ਹੋਣੀ। ਸਾਧੂ ਹਮੇਸ਼ਾ ਅਰਦਾਸ ਕਰਕੇ ਅਤੇ ਮਾਲਿਕ ਉੱਪਰ ਭਰੋਸਾ ਕਰਕੇ ਕੰਮ ਸ਼ੁਰੂ ਕਰਦੇ ਹਨ। ਮਾਲਿਕ ਉਹਨਾਂ ਦਾ ਕਾਰਜ ਸੰਪੂਰਨ ਕਰਦੇ ਹਨ। ਸੰਤਾਂ ਨੇ ਫੁਰਮਾਇਆ ਹੈ ਕਿ

*ਪੱਲੇ ਰਿਜ਼ਕ ਨਹੀਂ ਬੰਨ੍ਹਦੇ ਪੰਛੀ ਅਤੇ ਦਰਵੇਸ਼।*
*ਜਿਹਨਾਂ ਨੂੰ ਤਕਵਾ ਰੱਬ ਦਾ ਤਿਨ੍ਹਾਂ ਨੂੰ ਰਿਜ਼ਕ ਹਮੇਸ਼।*

ਸਾਧੂ ਬੈਂਕਾਂ ਵਿੱਚ ਪੈਸਾ ਇੱਕਠਾ ਕਰਕੇ ਕੰਮ ਸ਼ੁਰੂ ਨਹੀਂ ਕਰਦੇ। ਜਦੋਂ ਉਹ ਕੰਮ ਸ਼ੁਰੂ ਕਰਦੇ ਹਨ ਫੇਰ ਸਾਰਿਆਂ ਘਟਾਂ ਵਿੱਚ ਮਾਲਿਕ ਬੈਠੇ ਹੁੰਦੇ ਹਨ। ਸਾਰੇ ਜੀਵ ਉੱਠ-ਉੱਠ ਕੇ ਕਹਿੰਦੇ ਹਨ ਕਿ ਜੀ ਮੈਂ ਐਨੀ ਸੇਵਾ ਦੇਣ ਲਈ ਤਿਆਰ ਹਾਂ। ਮੈਂ ਐਨੀ ਸੇਵਾ ਕਰਨ ਲਈ ਤਿਆਰ ਹਾਂ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੇਰੀ ਕੋਈ ਕਰਤੂਤ ਜਾਂ ਵਡਿਆਈ ਨਹੀਂ ਹੈ। ਮੇਰੇ ਸਤਿਗੁਰ ਨੇ ਬਿਰਦ ਦੀ ਲਾਜ ਰੱਖਦੇ ਹੋਏ ਮੇਰੇ ਸਾਰੇ ਕਾਰਜ ਸੰਪੂਰਨ ਕੀਤੇ।

ਹਜ਼ੂਰ ਦਾ, ਉਸ ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦ ਹੈ, ਸਾਡੇ ਹਜ਼ੂਰ ਦੀ ਬਖਸ਼ਿਸ਼ ਹੈ ਦੇਸ਼ ਵਿਦੇਸ਼ ਵਿੱਚੋਂ ਸੰਗਤਾਂ ਦੀਆਂ ਅਰਦਾਸਾਂ, ਜੋਦੜੀਆਂ ਕੰਮ ਆਈਆਂ ਹਨ। ਅਸੀਂ ਦੇਖਿਆ ਹੈ ਕਿ ਜਿਸ ਜੀਵ ਦੇ ਪਲੇਟਲੈੱਟਸ ਘਟ ਕੇ ਵਧਦੇ ਸਨ ਫੇਰ ਵਧਦੇ ਹੀ ਜਾਂਦੇ ਸਨ ਪਰ ਸਾਡੇ ਵਧ ਕੇ ਫੇਰ ਘੱਟ ਹੋਣੇ ਸ਼ੁਰੂ ਹੋ ਜਾਂਦੇ ਸੀ। ਇਸ ਤਰ੍ਹਾਂ ਹੇਠਾਂ ਉੱਪਰ ਹੋਣੇ ਸ਼ੁਰੂ ਹੋ ਗਏ। ਡਾਕਟਰ ਵੀ ਹੈਰਾਨ ਸਨ ਕਿ ਘੱਟ ਕੇ ਵੱਧ ਜਾਂਦੇ ਹਨ ਅਤੇ ਵੱਧ ਕੇ ਘੱਟ ਜਾਂਦੇ ਹਨ। ਉਸ ਦਾ ਕਾਰਨ ਇਹ ਸੀ ਕਿ ਪਲੇਟਲੈੱਟਸ ਦੇ ਨਾਲ-ਨਾਲ ਜੋ ਦੂਸਰੇ ਰੋਗ ਸਨ ਉਹ ਜਿਆਦਾ ਵੱਧ ਗਏ ਸਨ। ਟੀ. ਐਲ. ਸੀ. ਅਗਰ ਚਾਰ ਹਜ਼ਾਰ ਤੋਂ ਘੱਟ ਜਾਵੇ ਤਦ ਲਿਵਰ ਤੇ ਅਸਰ ਕਰਦਾ ਹੈ। ਅਗਰ ਲਿਵਰ ਕੰਮ ਨਾ ਕਰੇ ਤਦ ਦਿਲ ਕੰਮ ਨਹੀਂ ਕਰਦਾ। ਅਗਰ ਦਿਲ ਕੰਮ ਨਾ ਕਰੇ ਤਾਂ ਖੂਨ ਦਾ ਦੌਰਾ ਨਹੀਂ ਹੁੰਦਾ। ਇਹ ਸਭ ਕੁਝ interlinked ਹੈ। ਸਾਡਾ ਹੈਮੋਗਲੋਬਿਨ ਬਹੁਤ ਘੱਟ ਗਿਆ। ਜਿਸ ਤਰ੍ਹਾਂ ਬੀਬੀਆਂ ਅੱਜਕੱਲ ਬਹੁਤ ਛੋਟੇ ਦੁੱਪਟੇ ਲੈਂਦੀਆਂ ਹਨ ਅਗਰ ਨੱਕ ਢੱਕਦੀਆਂ ਹਨ ਤਾਂ ਗੁੱਤ ਨੰਗੀ ਹੋ ਜਾਂਦੀ ਹੈ। ਅਗਰ ਗੁੱਤ ਢੱਕਦੀਆਂ ਹਨ ਤਦ ਨੱਕ ਨੰਗਾ ਹੋ ਜਾਂਦਾ ਹੈ। ਇਸ ਕਰਕੇ ਉਹ ਹਾਰ ਕੇ ਦੁੱਪਟਾ ਉਤਾਰ ਕੇ ਮੋਢਿਆਂ ਉੱਪਰ ਹੀ ਰੱਖ ਲੈਂਦੀਆਂ ਹਨ। ਸੋਈ ਇਸੇ ਤਰ੍ਹਾਂ ਡਾਕਟਰ ਜਦੋਂ ਸਾਡੀ ਟੀ. ਐਲ. ਸੀ. ਠੀਕ ਕਰਨ ਤਦ ਸਾਡੇ ਪਲੇਟਲੈੱਟਸ ਘੱਟ ਜਾਣ। ਅਗਰ ਪਲੇਟਲੈੱਟਸ ਠੀਕ ਹੁੰਦੇ ਸੀ ਤਦ ਕੁਝ ਹੋਰ ਘੱਟ ਜਾਂਦਾ ਸੀ। ਪਰੰਤੂ ਮਾਲਿਕ ਨੇ ਅਰਦਾਸ ਸੁਣੀ, ਬਖਸ਼ਿਸ਼ ਕੀਤੀ ਅਤੇ ਤੰਦਰੁਸਤੀ ਬਖਸ਼ੀ ਹੈ। ਅਸੀਂ ਸੰਗਤ ਦਾ ਵੀ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਸਾਡੇ ਵਾਸਤੇ ਬੇਨਤੀਆਂ ਕੀਤੀਆਂ ਹਨ ਕਿਉਂਕਿ

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ (ਅੰਗ 819)*

ਜਦੋਂ ਜੀਵ ਅਰਦਾਸ ਕਰਦਾ ਹੈ ਮਾਲਿਕ ਜਰੂਰ ਸੁਣਦੇ ਹਨ। ਅਸੀਂ ਵੀ ਮੰਜੇ 'ਤੇ ਪਏ ਸੋਚਦੇ ਸੀ ਕਿ ਸਾਡੇ ਕੋਲੋਂ ਜਰੂਰ ਕੋਈ ਭੁੱਲ ਅਵੱਗਿਆ ਹੋਈ ਹੈ ਜੋ ਮਾਲਿਕ ਨੇ ਸਾਨੂੰ ਮੰਜੇ ਉੱਪਰ ਪਾਇਆ ਹੈ।

ਸੋਈ ਹਜ਼ੂਰ ਕਿਰਪਾ ਕਰਨ, ਬਖਸ਼ਿਸ਼ ਕਰਨ। ਜਿਸ ਜਿਸ ਸ਼ੁਭ ਭਾਵਨਾ ਨੂੰ ਮੁੱਖ ਰੱਖ ਕੇ ਦੇਸ਼-ਵਿਦੇਸ਼ ਦੀ ਸਾਧ ਸੰਗਤ ਨੇ ਮਿਲ ਕੇ ਆਖੰਡ ਪਾਠ ਕਰਵਾ ਕੇ ਯਸ਼ ਕਰਵਾਇਆ ਹੈ ਹਜ਼ੂਰ ਕਿਰਪਾ ਕਰਕੇ ਸਭ ਦੀਆਂ ਸ਼ੁਭ ਭਾਵਨਾਵਾਂ ਮਨਜ਼ੂਰ ਕਰਨ। ਸਭ ਪਰਿਵਾਰਾਂ ਵਿੱਚ ਸੁੱਖ-ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ ਕੇ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਜੋ ਸੰਗਤ ਦੇਸ਼ ਵਿਦੇਸ਼ ਵਿੱਚੋਂ ਨਹੀਂ ਆ ਸਕੀ ਉਹਨਾਂ ਦਾ ਵੀ ਸ਼ੁਕਰਾਨਾ ਅਤੇ ਧੰਨਵਾਦ। ਉਹ ਵੀ ਅਰਦਾਸ ਵਿੱਚ ਸ਼ਾਮਿਲ ਹੋਏ ਹਨ ਉਹਨਾਂ ਨੂੰ ਵੀ ਹਜ਼ੂਰ ਖੁਸ਼ੀਆਂ ਬਖਸ਼ ਕੇ ਨਾਮ ਨਾਲ ਜੋੜਨ ਅਤੇ ਗੁਰਬਾਣੀ ਦੀ ਸ਼ਰਨ ਬਖਸ਼ੀ ਰੱਖਣ।

# ਸਤਿਸੰਗ

**ਜੈਤਸਰੀ ਮਹਲਾ ੪ ਘਰੁ ੧ ਚਉਪਦੇ (ਅੰਗ 696)**

**ੴ ਸਤਿਗੁਰ ਪ੍ਰਸਾਦਿ ॥**

**ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ**

**ਗੁਰਿ ਹਾਥੁ ਧਰਿਓ ਮੇਰੈ ਮਾਥਾ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਦਾ ਜਨਮ ਚੂਨਾ ਮੰਡੀ ਲਹੌਰ ਵਿਖੇ ਹੋਇਆ ਸੀ। ਬਚਨਪਨ ਵਿੱਚ ਹੀ ਆਪ ਦੇ ਮਾਤਾ ਪਿਤਾ ਦਾ ਸਾਇਆ ਸਿਰ ਤੋਂ ਉੱਠ ਜਾਣ ਕਾਰਨ ਆਪ ਨਾਨਕਿਆਂ ਦੇ ਘਰ ਬਾਸਰਕੇ ਆ ਗਏ। ਨਾਨਕਿਆਂ ਨੇ ਵੀ ਕੋਈ ਕੰਮ ਕਾਜ ਕਰਨ ਲਈ ਕਿਹਾ। ਆਪ ਘੁੰਗਣੀਆਂ ਵੇਚਣ ਲਈ ਸ੍ਰੀ ਗੋਇੰਦਵਾਲ ਸਾਹਿਬ ਆਏ। ਉੱਥੇ ਬਾਉਲੀ ਸਾਹਿਬ ਦੀ ਸੇਵਾ ਚੱਲ ਰਹੀ ਸੀ। ਉੱਥੇ ਪੰਗਤ ਅਤੇ ਸੰਗਤ ਦੀ ਪ੍ਰੰਪਰਾ ਹੋਣ ਕਾਰਨ ਮੁਫ਼ਤ ਲੰਗਰ ਚੱਲਦਾ ਸੀ ਇਸ ਕਰਕੇ ਲੋਕਾਂ ਨੇ ਘੁੰਗਣੀਆਂ ਨਹੀਂ ਖਰੀਦੀਆਂ। ਤਦ ਆਪ ਉੱਥੇ ਹੀ ਸੇਵਾ ਵਿੱਚ ਜੁੱਟ ਪਏ ਅਤੇ ਬਹੁਤ ਸੇਵਾ ਕੀਤੀ। ਇੱਕ ਦਿਨ ਹਜ਼ੂਰ ਤੀਸਰੇ ਪਾਤਿਸ਼ਾਹ ਸੇਵਾ ਕਰ ਰਹੀ ਸੰਗਤ ਉੱਪਰ ਦ੍ਰਿਸ਼ਟੀ ਪਾਉਣ ਆਏ ਤਦ ਉਹਨਾਂ ਦੇ ਮਹਿਲ਼ ਮਾਤਾ ਜੀ ਨੇ ਬੇਨਤੀ ਕੀਤੀ ਕਿ ਬੀਬੀ ਭਾਨੀ ਜੁਆਨ ਹੋ ਗਈ ਹੈ। ਉਸ ਵਾਸਤੇ ਵਰ ਦੀ ਲੋੜ ਹੈ। ਹਜ਼ੂਰ ਨੇ ਪੁੱਛਿਆ ਕਿਸ ਤਰ੍ਹਾਂ ਦਾ ਵਰ ਹੋਣਾ ਚਾਹੀਦਾ ਹੈ। ਮਾਤਾ ਜੀ ਨੇ ਇਸ਼ਾਰਾ ਕਰਕੇ ਕਿਹਾ ਕਿ ਆਹ ਜੋ ਭਾਈ ਜੇਠਾ ਸੇਵਾ ਕਰ ਰਿਹਾ ਹੈ ਇਸ ਵਰਗਾ ਹੋਵੇ ਤਦ ਠੀਕ ਹੈ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਕਿਹਾ ਇਸ ਤਰ੍ਹਾਂ ਦਾ ਇਹੋ ਹੀ ਹੈ ਹੋਰ ਕੋਈ ਨਹੀਂ ਹੈ। ਤਦ ਆਪ ਨੇ ਉੱਥੇ ਹੀ ਸੇਵਾ ਪਦ, ਉੱਥੇ ਹੀ ਜਵਾਈ ਪਦ ਅਤੇ ਉੱਥੇ ਹੀ ਗੁਰਆਈ ਪਦ ਪ੍ਰਾਪਤ ਕੀਤਾ। ਜਵਾਈ ਆਪਣੇ ਆਪ ਨੂੰ ਸਹੁਰੇ ਘਰ ਜਾ ਕੇ ਵੱਡਾ ਸਮਝਦੇ ਹਨ। ਪਰ ਆਪ ਨੇ ਉੱਥੇ ਵੀ ਨਿਮਰਤਾ ਦਾ ਅੰਗ ਨਹੀਂ ਛੱਡਿਆ। ਇੱਕ ਦਿਨ ਸੰਗਤ ਨੇ ਉੱਠ ਕੇ ਬੇਨਤੀ ਕੀਤੀ ਕਿ ਹਜ਼ੂਰ ਤੁਹਾਡੀ ਉਮਰ ਪਚਾਨਵੇਂ ਸਾਲ ਹੋ ਗਈ ਹੈ। ਦੱਸੋ ਅਗਾਂਹ ਕਿਸ ਦੀ ਡਿਊਟੀ ਲੱਗਣੀ ਹੈ? ਹਜ਼ੂਰ ਨੇ ਕਿਹਾ ਤੁਸੀਂ ਹੀ ਦੱਸੋ ਕਿਸ ਦੀ ਡਿਊਟੀ ਲੱਗਣੀ ਚਾਹੀਦੀ ਹੈ। ਤਦ ਬਾਈ ਜੀਵ ਉੱਠ ਕੇ ਖੜੇ ਹੋ ਗਏ ਕਿ ਸਾਡੀ ਡਿਊਟੀ ਲਾਉ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਬਾਈ ਮੰਜੀਆਂ ਡਾਹ ਦਿੱਤੀਆਂ। ਅਗਲੇ ਸਮਾਗਮ ਤੇ ਹੋਰ ਬਹੱਤਰ ਜੀਵ ਉੱਠ ਕੇ ਖੜੇ ਹੋਏ ਕਿ ਸਾਨੂੰ ਦਾਤ ਵੰਡਣ ਸਮੇਂ ਕਿਉਂ ਨਹੀਂ ਦੱਸਿਆ ਤਦ ਹਜ਼ੂਰ ਨੇ ਬਹੱਤਰ ਪੀਹੜੇ ਡਾਹ ਦਿੱਤੇ। ਇਸ ਤਰ੍ਹਾਂ ਹਜ਼ੂਰ ਤੀਸਰੇ ਪਾਤਿਸ਼ਾਹ ਦੇ ਦੇਹ ਵਿੱਚ ਹੁੰਦਿਆ ਹੀ ਚੁਰਾਨਵੇਂ ਜੀਵਾਂ ਨੇ ਆਪਣੇ ਆਪ ਨੂੰ ਗੱਦੀ ਦੇ ਲਾਇਕ ਦੱਸਿਆ। ਪਰੰਤੂ ਹਜ਼ੂਰ ਨੇ ਜਿਸ ਦਿਨ ਸੱਚੀ ਦਾਤ ਵੰਡਣੀ ਸੀ, ਉਸ ਦਿਨ ਥੜ੍ਹੇ ਬਣਾਉਣ ਦੀ ਸੇਵਾ ਲਾ ਦਿੱਤੀ। ਹਜ਼ੂਰ ਕਦੇ ਕਹਿਣ ਥੜ੍ਹਾਂ ਧੁੱਪੇ ਹੈ, ਕਦੇ ਕਹਿਣ ਛਾਵੇਂ ਹੈ, ਕਦੇ ਕਹਿਣ ਚੜ੍ਹਦੇ ਨੂੰ ਹੈ, ਕਦੇ ਕਹਿਣ ਲਹਿੰਦੇ ਨੂੰ ਹੈ ਅਤੇ ਥੜ੍ਹੇ ਢਹਾਈ ਜਾਣ। ਇਸ ਤਰ੍ਹਾਂ ਸਾਰੇ ਜੀਵ ਸੇਵਾ ਛੱਡ ਕੇ ਚੱਲੇ ਗਏ। ਪਰ ਹਜ਼ੂਰ ਚੌਥੇ ਪਾਤਿਸ਼ਾਹ ਇੱਕਲੇ ਹੀ ਥੜ੍ਹੇ ਬਣਾ ਰਹੇ ਸਨ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਆ ਕੇ ਕਿਹਾ ਪੁਤਰ! ਤੂੰ ਵੀ ਚਲੇ ਜਾਣਾ ਸੀ। ਆਪ ਨੇ ਉੱਤਰ ਦਿੱਤਾ ਹਜ਼ੂਰ! ਜਿਸ ਦਾ ਕੋਈ ਆਸਰਾ ਸੀ, ਥਿਰ ਸੀ, ਥਾਂ ਸੀ ਚਲਾ ਗਿਆ। ਮੇਰਾ ਕੋਈ ਥਾਂ ਜਾਂ ਆਸਰਾ ਨਹੀਂ ਹੈ ਮੈਂ ਕਿੱਥੇ ਜਾਣਾ ਹੈ? ਮੈਂ ਥੜ੍ਹਿਆਂ ਤੋਂ ਕੀ ਲੈਣਾ ਹੈ ਤੁਸੀਂ ਜਿੰਨੇ ਮਰਜ਼ੀ ਬਣਵਾਈ ਜਾਉ। ਤਦ ਹਜ਼ੂਰ ਨੇ ਆਪ ਨੂੰ ਉਸੇ ਥੜ੍ਹੇ ਉੱਪਰ ਬਿਠਾ ਕੇ ਗੱਦੀ ਬਖ਼ਸ਼ ਦਿੱਤੀ। ਸ੍ਰੀ ਗੋਇੰਦਵਾਲ ਸਾਹਿਬ ਜਾਉ ਉੱਥੇ ਥੜ੍ਹਾ ਸਾਹਿਬ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ ਕਿ

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ (ਅੰਗ 167)*

ਸੱਚੇ ਪਾਤਿਸ਼ਾਹੋ! ਅਸੀਂ ਰੁਲਦੇ ਫਿਰਦੇ ਸੀ। ਘਰਦਿਆਂ ਨੇ, ਨਾਨਕਿਆਂ ਨੇ ਸਭ ਨੇ ਘਰੋਂ ਕੱਢ ਦਿੱਤਾ ਸੀ। ਹੁਣ ਤੁਹਾਡੀ ਸ਼ਰਨ ਵਿੱਚ ਆਏ ਹਾਂ ਅਤੇ ਤੁਸੀਂ ਹੀ ਬਖ਼ਸ਼ਿਸ਼ਾਂ ਕੀਤੀਆਂ ਹਨ। ਹੁਣ ਆਪਾਂ ਹਰ ਰੋਜ਼ ਕੀਰਤਨ ਦੁਆਰਾ ਸੁਣਦੇ ਹਾਂ।

*ਰਾਮਦਾਸ ਸਰੋਵਰਿ ਨਾਤੇ ॥*
*ਸਭਿ ਉਤਰੇ ਪਾਪ ਕਮਾਤੇ ॥*
*ਨਿਰਮਲ ਹੋਏ ਕਰਿ ਇਸਨਾਨਾ ॥*
*ਗੁਰਿ ਪੂਰੈ ਕੀਨੇ ਦਾਨਾ ॥੧॥ (ਅੰਗ 625)*

ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੇ ਦਰਬਾਰ ਵਿੱਚ ਰਿਸ਼ੀ, ਮੁਨੀ, ਪੀਰ, ਪੈਗੰਬਰ ਆਏ ਅਤੇ ਉਹਨਾਂ ਨੇ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੂੰ ਪੁੱਛਿਆ ਕਿ ਤੁਹਾਡੇ ਸਤਿਗੁਰ ਕੌਣ ਹਨ? ਤੁਸੀਂ ਕਿਹਨਾਂ ਨੂੰ ਸਤਿਗੁਰ ਮੰਨਦੇ ਹੋ? ਉਹਨਾਂ ਨੇ ਸੋਚਿਆ ਕਿ ਅਗਰ ਇਹ ਕਹਿਣਗੇ ਕਿ ਹਜ਼ੂਰ ਤੀਸਰੇ ਪਾਤਿਸ਼ਾਹ ਮੇਰੇ ਸਤਿਗੁਰ ਹਨ ਤਦ ਇਹ ਆਪਣੇ ਸਲੋਕ ਤੋਂ ਮੁਨਕਰ ਹੋਣਗੇ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥੫ ॥ (ਅੰਗ 982)*

ਅਗਰ ਇਹ ਕਹਿਣਗੇ ਕਿ ਬਾਣੀ ਗੁਰੂ ਹੈ ਤਦ ਇਹ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਤੋਂ ਬੇਮੁੱਖ ਹੋਣਗੇ। ਪ੍ਰੰਤੂ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਗਲ ਵਿੱਚ ਪਰਨਾ ਪਾ ਕੇ ਫ਼ੁਰਮਾਨ ਕੀਤਾ ਹੈ ਕਿ

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥*
*(ਅੰਗ 759)*

ਭਾਵ ਜਿੰਨੀ ਵੀ ਸੰਗਤ ਬੈਠੀ ਹੈ ਸਾਰਿਆਂ ਵਿੱਚ ਮੇਰੇ ਸਤਿਗੁਰ ਬਿਰਾਜੇ ਹਨ। ਮੈਂ ਕਿਸ ਕਿਸ ਨੂੰ ਆਪਣੇ ਸਤਿਗੁਰ ਕਹਾਂ। ਸੋਈ ਹੁਣ ਚੌਥੇ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ ਜਿਸ ਵਿਚ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੇਰੇ ਹਿਰਦੇ ਵਿੱਚ ਉਦੋਂ ਨਾਮ ਦਾ ਵਾਸਾ ਹੋਇਆ ਜਦੋਂ ਮੇਰੇ ਸਤਿਗੁਰ ਨੇ ਮੇਰੇ ਸਿਰ ਉੱਪਰ ਮਿਹਰ ਭਰਿਆ ਹੱਥ ਰੱਖਿਆ, ਮਸਤਕ ਉੱਪਰ ਹੱਥ ਰੱਖਿਆ। ਸਾਧੂ ਹਮੇਸ਼ਾ ਮਸਤਕ ਉੱਪਰ ਪਿਆਰ ਦਿੰਦੇ ਹਨ। ਬਜ਼ੁਰਗ ਵੀ ਹਮੇਸ਼ਾ ਬੱਚਿਆ ਨੂੰ ਸਿਰ ਉੱਪਰ ਪਿਆਰ ਦਿੰਦੇ ਹਨ। ਪਰ ਬਖ਼ਸ਼ਿਸ਼ ਪੈਰਾਂ ਉੱਪਰ ਹੋ ਜਾਂਦੀ ਹੈ। ਸਾਧੂ ਹੱਥ ਨਾਲ ਜੀਵ ਦੇ ਸਿਰ ਉੱਪਰ ਪਿਆਰ ਦਿੰਦੇ ਹਨ ਪਰ ਬਖ਼ਸ਼ਿਸ਼ ਜੀਵ ਦੇ ਪੈਰਾਂ ਤਕ ਹੋ ਜਾਂਦੀ ਹੈ।

ਪਿੱਛੇ ਜਿਹੇ ਖਬਰਾਂ ਆ ਰਹੀਆਂ ਸਨ ਕਿ ਇੱਕ ਸਾਧੂ ਹਨ ਜਿਹਨਾਂ ਨੇ 65 ਸਾਲਾਂ ਤੋਂ ਕੁਝ ਵੀ ਖਾਧਾ ਪੀਤਾ ਨਹੀਂ ਹੈ। ਜਿਸ ਜੀਵ ਦੇ ਮਸਤਕ ਉੱਪਰ Divine Light, Divine force ਪ੍ਰਗਟ ਹੋ ਜਾਂਦੀ ਹੈ ਉਸ ਨੂੰ ਕੁਝ ਵੀ ਖਾਣ ਪੀਣ ਦੀ ਜ਼ਰੂਰਤ ਨਹੀਂ ਪੈਂਦੀ। ਹਜ਼ੂਰ ਚੌਥੇ ਪਾਤਿਸ਼ਾਹ ਜੀ ਨੂੰ ਪੁੱਛਿਆ ਗਿਆ ਕਿ ਹਜ਼ੂਰ ਪਹਿਲੇ ਪਾਤਿਸ਼ਾਹ ਜਾਂ ਹਜ਼ੂਰ ਦੂਸਰੇ ਪਾਤਿਸ਼ਾਹ ਜਾਂ ਹਜ਼ੂਰ ਤੀਸਰੇ ਪਾਤਿਸ਼ਾਹ ਜੋ ਤੁਹਾਡੇ ਸਤਿਗੁਰ ਸਨ ਕੀ ਉਹ ਸ਼ਕਤੀ ਵਾਲੇ ਨਹੀਂ ਸਨ? ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨਕਸ਼ਾ ਤਿਆਰ ਕਿਉਂ ਨਹੀਂ ਕਰਵਾਇਆ? ਤੁਸੀਂ ਕਿਉਂ ਤਿਆਰ ਕਰਵਾਇਆ?ਤਦ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਜੋ ਫ਼ੁਰਮਾਨ ਕੀਤਾ ਉਹ ਕੋਠਾ ਸਾਹਿਬ ਦੇ ਬਾਹਰ ਵੀ ਲਿਖ ਕੇ ਲਾਇਆ ਹੋਇਆ ਹੈ ਕਿ

*ਗੁਰਮਤਿ ਨਗਰੀ ਖੋਜਿ ਖੋਜਾਈ॥*
*ਹਰਿ ਹਰਿ ਨਾਮੁ ਪਦਾਰਥੁ ਪਾਈ॥੧ ॥(ਅੰਗ 732)*

ਮੇਰੇ ਸਤਿਗੁਰ ਨੇ ਮੈਨੂੰ ਖੋਜੀ ਖੋਜਾਈ ਨਗਰੀ ਦੇ ਦਰਸ਼ਨ ਕਰਵਾਏ ਹਨ ਮੈਂ ਤਦ ਇਹ ਬਣਾਇਆ ਹੈ। ਮੈਂ ਆਪ ਨਹੀਂ ਬਣਾਇਆ। ਹਜ਼ੂਰ ਚੌਥੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਮੇਰੇ ਹਿਰਦੇ ਵਿੱਚ ਉਦੋਂ ਬਾਣੀ ਦਾ ਵਾਸਾ ਹੋਇਆ ਹੈ ਜਦੋਂ ਮੇਰੇ ਹਜ਼ੂਰ ਨੇ ਮੇਰੇ ਸਿਰ ਉੱਪਰ ਮਿਹਰ ਭਰਿਆ ਹੱਥ ਰੱਖਿਆ।

**ਜਨਮ ਜਨਮ ਕੇ ਕਿਲਬਿਖ ਦੁਖ ਉਤਰੇ**
**ਗੁਰਿ ਨਾਮੁ ਦੀਓ ਰਿਨੁ ਲਾਥਾ॥੧ ॥**

ਅਸੀਂ ਪਤਾ ਨਹੀਂ ਪਿਛਨੇ ਜਨਮਾਂ ਵਿਚ ਕਿੰਨੇ ਕੁ ਗਲਤ ਕੰਮ ਕੀਤੇ ਸਨ, ਸਾਡੇ ਉੱਪਰ ਕਾਲ ਦਾ ਬਹੁਤ ਕਰਜਾ ਸੀ। ਸਾਡੇ ਸਤਿਗੁਰ ਐਨੇ ਦਿਆਲੂ ਅਤੇ ਸ਼ਾਹੂਕਾਰ, ਦਾਤੇ ਅਤੇ ਸ਼ਹਿਨਸ਼ਾਹ ਮਿਲੇ ਉਹਨਾਂ ਨੇ ਸਾਡੇ ਕਰਮਾਂ ਦਾ ਸਾਰਾ ਹੀ ਕਰਜਾ ਉਤਾਰ ਦਿੱਤਾ।

*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ॥੩॥(ਅੰਗ 614)*

ਕੋਈ ਸ਼ਾਹੂਕਾਰ ਕਿਸੇ ਨੌਕਰ ਤੋਂ ਬਹੁਤ ਕੰਮ ਕਰਵਾ ਰਿਹਾ ਸੀ ਉਸ ਉੱਪਰ ਬਹੁਤ ਸਖ਼ਤੀ ਕਰ ਰਿਹਾ ਸੀ। ਕੋਈ ਜੀਵ ਨੇੜੇਉਂ ਦੀ ਲੰਘ ਰਿਹਾ ਸੀ ਉਸ ਨੇ ਕਿਹਾ ਭਾਈ! ਇਸ ਨੂੰ ਤੂੰ ਕਿਉਂ ਤੰਗ ਕਰ ਰਿਹਾ ਏਂ? ਸ਼ਾਹੂਕਾਰ ਨੇ ਕਿਹਾ ਇਸ ਨੇ ਮੇਰਾ ਕਰਜਾ ਦੇਣਾ ਹੈ। ਪਰ ਤੂੰ ਵਿੱਚ ਕਿਉਂ ਬੋਲ ਰਿਹਾ ਏਂ? ਉਸ ਨੇ ਪੁੱਛਿਆ ਇਹ ਕਿਵੇਂ ਛੁੱਟ ਸਕਦਾ ਹੈ? ਸ਼ਾਹੂਕਾਰ ਨੇ ਕਿਹਾ ਇਸ ਦਾ ਕਰਜਾ ਤੂੰ ਦੇ ਦੇ। ਤਦ ਉਸ ਜੀਵ ਨੇ ਸ਼ਾਹੂਕਾਰ ਦੇ ਅੱਗੇ ਪੈਸੇ ਸੁੱਟੇ ਕਿ ਆਹ ਫੜ ਪੈਸੇ ਅਤੇ ਇਸ ਨੂੰ ਆਜਾਦ ਕਰ। ਇਸ ਤਰ੍ਹਾਂ ਜੋ ਪੂਰਨ ਤਾਕਤ ਹੁੰਦੀ ਹੈ ਉਹ ਜੀਵ ਦੇ ਕਰਮਾਂ ਦਾ ਕਰਜਾ ਉਤਾਰ ਦਿੰਦੀ ਹੈ।

**ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥**

ਜਿਸ ਕੰਮ ਵਿੱਚ ਫਾਇਦਾ ਹੋਵੇ ਉਹ ਅਰਥ ਹੈ। ਜੋ ਜਾਇਆ ਜਾਂਦਾ ਹੈ ਉਹ ਵਿਅਰਥ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਰਾਮ ਨਾਮ ਦੇ ਜਿੰਨੇ ਜਿਆਦਾ ਸ਼ਬਦ ਪੜੇਂਗਾ ਤੈਨੂੰ ਉਨ੍ਹਾਂ ਹੀ ਜਿਆਦਾ ਫ਼ਲ ਮਿਲੇਗਾ। ਇਸ ਦਾ ਅਸਲੀ ਭਾਵ ਇਹ ਹੈ ਕਿ ਤੁਸੀਂ ਜਿੰਨਾਂ ਜਿਆਦਾ ਸਿਮਰਨ ਕਰੋਗੇ ਓਨੀ ਜਿਆਦਾ ਬਖ਼ਸ਼ਿਸ਼ ਹੋਵੇਗੀ।

**ਗੁਰਿ ਪੂਰੈ ਹਰਿ ਨਾਮ ਦ੍ਰਿੜਾਇਆ**
**ਬਿਨੁ ਨਾਵੈ ਜੀਵਨ ਬਿਰਥਾ॥**

ਮੈਨੂੰ ਪੂਰਨ ਸਤਿਗੁਰ ਮਿਲ ਗਏ ਅਤੇ ਉਹਨਾਂ ਨੇ ਮੇਰੇ ਕੋਲੋਂ ਨਾਮ ਦਾ ਜਾਪ ਕਰਵਾਇਆ ਵਰਨਾ ਮੇਰਾ ਜੀਵਨ ਐਂਤਰ ਹੀ ਜਾ ਰਿਹਾ ਸੀ, ਬਿਰਥਾ ਜਾ ਰਿਹਾ ਸੀ।

**ਬਿਨੁ ਗੁਰ ਮੂੜ ਭਏ ਹੈ ਮਨਮੁਖ**
**ਤੇ ਮੋਹ ਮਾਇਆ ਨਿਤ ਫਾਥਾ॥**

ਸਾਧੂ ਦੀ ਸੰਗਤ ਤੋਂ ਬਗੈਰ ਜੀਵ ਮਾਇਆ ਪਿੱਛੇ ਹੀ ਭੱਜਿਆ ਫਿਰਦਾ ਰਹਿੰਦਾ ਹੈ।

*ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ॥*
*ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ॥੧੯॥*
*(ਅੰਗ 1426)*

**ਤਿਨ ਸਾਧੂ ਚਰਣ ਨ ਸੇਵੇ ਕਬਹੂ**
**ਤਿਨ ਸਭੁ ਜਨਮੁ ਅਕਾਥਾ॥੨॥**

ਜੋ ਜੀਵ ਸਾਧੂ ਦੀ ਸੰਗਤ ਨਹੀਂ ਕਰਦੇ ਉਹ ਆਪਣਾ ਜਨਮ ਐਂਤਰ ਗੁਆ ਲੈਂਦੇ ਹਨ। ਉਹ ਸਾਰੇ ਹੀ ਸੁਆਸ ਐਂਤਰ ਗੁਆ ਲੈਂਦੇ ਹਨ।

**ਜਿਨ ਸਾਧੂ ਚਰਣ ਸਾਧ ਪਗ ਸੇਵੇ**

**ਤਿਨ ਸਫਲਿਓ ਜਨਮੁ ਸਨਾਥਾ॥**

ਜੋ ਜੀਵ ਸਾਧੂ ਦੀ ਸੰਗਤ ਵਿੱਚ ਆ ਕੇ ਬਚਨ ਸੁਣਦੇ ਹਨ ਬਚਨ ਗ੍ਰਹਿਣ ਕਰਦੇ ਹਨ ਉਹ ਆਪਣਾ ਜਨਮ ਸਫਲ ਕਰ ਲੈਂਦੇ ਹਨ।

**ਮੋਕਉ ਕੀਜੈ ਦਾਸੁ ਦਾਸ ਦਾਸਨ ਕੋ**

**ਹਰਿ ਦਇਆ ਧਾਰਿ ਜਗੰਨਾਥਾ॥੩॥**

ਕਿਤੇ ਕਿਹਾ ਗਿਆ ਹੈ ਕਿ ਦਾਸਾਂ ਦੇ ਦਾਸ ਅਤੇ ਕਿਤੇ ਚੇਰੇ ਕਿਹਾ ਗਿਆ ਹੈ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ ਹੈ ਕਿ

*ਰਹਿਣੀ ਰਹੇ ਸੋ ਸਿਖ ਮੇਰਾ।*

*ਵੋਹ ਸਾਹਿਬ ਮੈ ਉਸ ਕਾ ਚੇਰਾ।*

ਗੁਰੂ ਦੇ ਨੌਕਰਾਂ ਦੇ ਨੌਕਰ ਨੂੰ ਚੇਰਾ ਕਹਿੰਦੇ ਹਨ। ਹਜ਼ੂਰ ਚੌਥੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਜਿਹੜੇ ਤੁਹਾਡੇ ਦਾਸ ਹਨ ਮੈਨੂੰ ਉਹਨਾਂ ਦੇ ਦਾਸਾਂ ਦੇ ਦਾਸ ਬਣਾ ਲਉ ਤਾਂ ਕਿ ਮੈਂ ਉਹਨਾਂ ਤੋਂ ਭੇਦ ਪ੍ਰਾਪਤ ਕਰ ਸਕਾਂ ਕਿ ਬਖ਼ਸ਼ਿਸ਼ ਅਤੇ ਰਹਿਮਤ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ। ਹਜ਼ੂਰ ਤੁਸੀਂ ਜਗਨਨਾਥ ਹੋ, ਜਗ ਦੇ ਰਖਵਾਲੇ ਹੋ, ਜਗ ਦੇ ਪਾਲਣਹਾਰ ਹੋ। ਤੁਹਾਡੀ ਬਖ਼ਸ਼ਿਸ਼ ਸਦਕਾ ਮੇਰਾ ਵੀ ਉਧਾਰ ਹੋ ਜਾਵੇ।

**ਹਮ ਅੰਧੁਲੇ ਗਿਆਨਹੀਨ ਅਗਿਆਨੀ**

**ਕਿਉ ਚਾਲਹ ਮਾਰਗਿ ਪੰਥਾ॥**

ਹਜ਼ੂਰ! ਅਸੀਂ ਅੰਨ੍ਹੇ ਹਾਂ, ਗਿਆਨ ਤੋਂ, ਮੱਤ ਤੋਂ ਹੀਣ ਹਾਂ ਅਸੀਂ ਕਿਸ ਤਰ੍ਹਾਂ ਸਿੱਧੇ ਚੱਲ ਸਕਦੇ ਹਾਂ। ਜੀਵ ਡੰਗੋਰੀ ਫੜ ਕੇ ਤੁਰਦਾ ਹੈ ਪਰ ਉਸ ਨੂੰ ਸੋਝੀ ਨਹੀਂ ਹੁੰਦੀ।

ਇੱਕ ਵਾਰੀ ਸ਼ਿਵ ਜੀ ਮਹਾਰਾਜ ਅਤੇ ਮਾਤਾ ਪਾਰਬਤੀ ਜੀ ਵਿਚਰ ਰਹੇ ਸਨ। ਮਾਤਾ ਪਾਰਬਤੀ ਜੀ ਕਹਿਣ ਲੱਗੇ ਇਹ ਜੀਵ ਕਿੰਨਾ ਗਰੀਬ ਹੈ, ਇਹ ਤੁਹਾਡੇ ਉੱਪਰ ਵਿਸ਼ਵਾਸ ਵੀ ਰੱਖਦਾ ਹੈ। ਸ਼ਿਵ ਜੀ ਮਹਾਰਾਜ ਕਹਿਣ ਲੱਗੇ ਇਸ ਦਾ ਕਰਮ ਸਾਥ ਨਹੀਂ ਦੇ ਰਿਹਾ ਹੈ।

*ਆਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥*

*ਮੈ ਕਿਆ ਜਾਨਉ ਬਾਬਾ ਰੇ॥ (ਅੰਗ 870)*

ਮਾਤਾ ਪਾਰਬਤੀ ਜੀ ਕਹਿਣ ਲੱਗੇ ਇਸ ਦੇ ਕਰਮ ਤੁਸੀਂ ਬਣਾ ਦਿਉ। ਸ਼ਿਵ ਜੀ ਮਹਾਰਾਜ ਨੇ ਪੁੱਛਿਆ ਕਿਸ ਤਰ੍ਹਾਂ ਬਣਾਈਏ। ਮਾਤਾ ਪਾਰਬਤੀ ਜੀ ਜਾਂ ਤਾਂ ਇਹ ਕਹਿੰਦੇ ਕਿ ਆਪਣੀ ਕਿਰਪਾ ਨਾਲ ਠੀਕ ਕਰ ਦਿਉ। ਪਰ ਉਹਨਾਂ ਨੇ ਕਿਹਾ ਕਿ ਅਸ਼ਰਫ਼ੀਆਂ ਦੀ ਥੈਲੀ ਭਰ ਕੇ ਇਸ ਦੇ ਰਸਤੇ ਵਿੱਚ ਸੁੱਟ ਦਿਉ। ਜਦੋਂ ਨੇੜੇ ਆਵੇਗਾ ਥੈਲੀ ਚੁੱਕ ਲਵੇਗਾ, ਮਾਲਾ-ਮਾਲ ਹੋ ਜਾਵੇਗਾ, ਬਾਦਸ਼ਾਹ ਬਣ ਜਾਵੇਗਾ। ਸ਼ਿਵ ਜੀ ਮਹਾਰਾਜ ਨੇ ਥੈਲੀ ਭਰ ਕੇ ਉਸ ਦੇ ਰਸਤੇ ਵਿੱਚ ਸੁੱਟ ਦਿੱਤੀ। ਉੱਧਰੋਂ ਉਸ ਜੀਵ ਦੇ ਕਰਮ ਨੇ ਸਾਥ ਨਹੀਂ ਦਿੱਤਾ ਅਤੇ ਉਸ ਦੇ ਮਨ ਵਿੱਚ ਖਿਆਲ ਆ ਗਿਆ ਕਿ ਮਨਾ ਤੂੰ ਐਵੇਂ ਹੀ ਪ੍ਰਮਾਤਮਾ ਨਾਲ ਗਿਲਾ ਕਰ ਰਿਹਾ ਏਂ। ਉਹ ਵੀ ਤਾਂ ਜੀਵ ਹਨ ਜਿਹਨਾਂ ਨੂੰ ਦਿਖਾਈ ਨਹੀਂ ਦਿੰਦਾ। ਭਲਾ ਮੈਂ ਦੇਖਾ ਕਿ ਅੰਨ੍ਹੇ ਕਿਸ ਤਰ੍ਹਾਂ ਤੁਰਦੇ ਹਨ ਕਿਉਂਕਿ ਕਰਮ ਸਾਥ ਨਹੀਂ ਸੀ ਦੇ ਰਹੇ।

*ਕਰਮਹੀਣ ਸਾਗਰ ਗਏ ਜਹਾਂ ਮੋਤੀਅਨ ਕੇ ਢੇਰ।*

*ਕਰ ਲਾਗੇ ਘੋਗੇ ਪਏ ਜਿਹ ਕਰਮਾਨ ਕੇ ਫੇਰ।*

ਉਸ ਜੀਵ ਨੇ ਰਸਤੇ ਵਿੱਚ ਪਿਆ ਸੋਟਾ ਚੁੱਕਿਆ ਅਤੇ ਅੱਖਾਂ ਬੰਦ ਕਰ ਲਈਆਂ। ਉਹ ਥੈਲੀ ਦੇ ਨੇੜਿਉਂ ਟੁੱਪ-ਟੁੱਪ, ਕਰਦਾ ਅੱਗੇ ਲੰਘ ਗਿਆ। ਸ਼ਿਵ ਜੀ ਮਹਾਰਾਜ ਕਹਿਣ ਲੱਗੇ ਦੇਖ ਲੈ ਇਸ ਦੇ ਅੱਗੇ ਸਭ ਕੁਝ ਸੁੱਟਿਆ ਹੈ ਪਰ ਇਸ ਨੇ ਫੇਰ ਵੀ ਨਹੀਂ ਚੁੱਕਿਆ। ਇਸ ਤਰ੍ਹਾਂ ਜੀਵ ਸਾਧੂ ਦੀ ਸੰਗਤ ਵਿੱਚ ਜਾਂਦਾ ਹੈ ਸਾਧੂਆਂ ਦੇ ਬਚਨ ਜੋ ਹੀਰੇ, ਜਵਾਹਰਾਤ, ਅਸ਼ਰਫ਼ੀਆਂ ਦੀ ਥੈਲੀ ਹੁੰਦੇ ਹਨ ਉਹਨਾਂ ਨੂੰ ਗ੍ਰਹਿਣ ਨਹੀਂ ਕਰਦਾ। ਉੱਥੋਂ ਅੰਨ੍ਹਾਂ ਬੋਲਾ ਬਣ ਕੇ ਨਿਕਲ ਜਾਂਦਾ ਹੈ। ਇਸ ਕਰਕੇ ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਸਾਨੂੰ ਅੱਖਾਂ ਬਖ਼ਸ਼ੋ, ਸੋਝੀ ਬਖ਼ਸ਼ੋ, ਦਿਮਾਗ ਬਖਸ਼ੋ ਤਾਂ ਕਿ ਅਸੀਂ ਗੁਰੂ ਦੇ ਮਾਰਗ ਤੇ ਚੱਲੀਏ ਅਤੇ ਤੁਸੀਂ ਜਿਹੜੀਆਂ ਰਹਿਮਤਾਂ ਖਿਲਾਰੀਆਂ ਹਨ ਉਹ ਪ੍ਰਾਪਤ ਕਰੀਏ। ਇੱਕ ਜੀਵ ਮਾਲਿਕ ਦੀ ਕਿਰਪਾ ਦੇ ਬਗੈਰ ਸਾਰੀ ਉਮਰ ਕਿਰਤ ਕਰਦਾ ਹੈ, ਫਸਲ ਬੀਜਦਾ ਹੈ ਪਰ ਕਦੇ ਗੜੇ ਪੈ ਜਾਂਦੇ ਹਨ ਕਦੇ ਹੜ੍ਹ ਆ ਜਾਂਦਾ ਹੈ। ਪਰ ਇੱਕ ਜੀਵ ਨੂੰ ਮਾਲਿਕ ਗੱਫੇ ਬਖ਼ਸ਼ਦੇ ਹਨ।

*ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥ (ਅੰਗ 935)*

ਮਾਲਿਕ ਦੀ ਰਹਿਮਤ ਤੋਂ ਬਗੈਰ ਜੀਵ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ। ਸੋਈ ਹਜ਼ੂਰ ਅਸੀਂ ਅੰਨ੍ਹੇਂ ਹਾਂ ਸਾਨੂੰ ਗਿਆਨ ਦਾ ਸੂਰਮਾ ਪਾਉ ਤਾਂ ਕਿ ਅਸੀਂ ਸੁਜਾਖੇ ਹੋ ਕੇ ਰਹਿਮਤਾਂ ਪ੍ਰਾਪਤ ਕਰੀਏ।

Look before you leap.

Think before you speak.

ਤੁਰਨ ਲੱਗਿਆਂ, ਛਾਲ ਮਾਰਨ ਲੱਗਿਆਂ ਦੇਖੋ ਕਿ ਥੱਲੇ ਕੋਈ ਟੋਆ ਜਾਂ ਖੱਡਾ ਤਾਂ ਨਹੀਂ ਹੈ। ਬੋਲਣ ਲੱਗਿਆਂ ਵੀ ਸੋਚੋ ਇਸ ਬੋਲ ਦਾ ਨਤੀਜਾ ਕੀ ਹੋਵੇਗਾ। ਸੋਈ ਹਜ਼ੂਰ! ਅਸੀਂ ਮੱਤ ਦੇ ਵੀ ਹੀਣ ਹਾਂ, ਅਕਲ ਦੇ ਵੀ ਅੰਨ੍ਹੇ ਹਾਂ ਸਾਨੂੰ ਐਸੀ ਸੋਝੀ

ਬਖ਼ਸ਼ੋ ਜਿਸ ਦੁਆਰਾ ਅਸੀਂ ਗੁਰੂ ਦੇ ਮਾਰਗ ਉੱਪਰ ਚੱਲ ਸਕੀਏ।

**ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ**

**ਜਨ ਨਾਨਕ ਚਲਹ ਮਿਲੰਥਾ ॥੪॥੧॥**

ਹਜ਼ੂਰ ਸਾਨੂੰ ਗਿਆਨ ਦੀਆਂ ਅੱਖਾਂ ਅਤੇ ਦਿਮਾਗੀ ਸੋਝੀ ਬਖਸ਼ੋ ਤਾਂ ਕਿ ਸਾਨੂੰ ਤੁਹਾਡੇ ਮਿਲਣ ਦਾ ਰਸਤਾ ਦਿਸਦਾ ਰਹੇ। ਕਿਉਂਕਿ ਜੀਵ ਕਈ ਵਾਰ ਗੁਰੂ ਘਰ ਵੱਲ ਤੁਰਦਾ ਹੈ ਪਰ ਕਾਲ ਰਸਤੇ ਵਿੱਚ ਰੁਕਾਵਟਾਂ ਪਾ ਦਿੰਦਾ ਹੈ।

ਇੱਕ ਵਾਰ ਸਾਡੀ ਕਾਰ ਖਰਾਬ ਹੋ ਗਈ ਸੀ ਅਤੇ ਅਸੀਂ ਬੱਸ ਰਾਹੀਂ ਜੰਡਿਆਲੇ ਗੁਰੂ ਨੂੰ ਸਤਿਸੰਗ ਕਰਨ ਲਈ ਜਾ ਰਹੇ ਸੀ। ਉੱਦੋਂ ਅਸੀਂ ਸ. ਮਹਿੰਦਰ ਸਿੰਘ ਦੇ ਘਰ ਦੋ-ਦੋ ਦਿਨ ਰਹਿ ਕੇ ਉੱਥੇ ਸਤਿਸੰਗ ਕਰਦੇ ਸੀ। ਜਦੋਂ ਅਸੀਂ ਬੱਸ ਵਿੱਚ ਬੈਠੇ ਸੀ ਇੱਕ ਜੀਵ ਗੱਲਾਂ ਕਰ ਰਿਹਾ ਸੀ ਕਿ ਕੰਮ ਤਾਂ ਬਹੁਤ ਸਨ ਪਰ ਅਸੀਂ ਸੋਚਿਆ ਕਿ ਅੱਜ ਸ੍ਰੀ ਹਰਿਮੰਦਰ ਸਾਹਿਬ ਜਾਂਦੇ ਹਾਂ। ਅਸੀਂ ਸੋਚਿਆ ਬੜੇ ਭਾਵ ਅਤੇ ਭਾਗਾਂ ਵਾਲਾ ਜੀਵ ਹੈ ਜੋ ਸ੍ਰੀ ਹਰਿਮੰਦਰ ਸਾਹਿਬ ਜਾ ਰਿਹਾ ਹੈ। ਨੇੜੇ ਬੈਠੇ ਕਾਲ ਨੇ ਉਸ ਨੂੰ ਉਂਗਲ ਲਾ ਦਿੱਤੀ ਅਤੇ ਲਾਗੇ ਵਾਲਾ ਜੀਵ ਉਸ ਜੀਵ ਨੂੰ ਪੁੱਛਣ ਲੱਗਾ ਕਿ ਕੀ ਗੱਲ ਹੈ। ਉਸ ਨੇ ਦੱਸਿਆ ਕਿ ਆਹ ਰੋਗ ਹੈ ਇਸ ਕਰਕੇ ਅਸੀਂ ਸੋਚਿਆ ਨਾਲ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਆਵਾਂਗੇ ਨਾਲੇ ਸਰੋਵਰ ਵਿੱਚ ਇਸਨਾਨ ਕਰ ਆਵਾਂਗੇ। ਆਪੇ ਗੁਰੂ ਠੀਕ ਕਰਨਗੇ। ਉਹ ਜੀਵ ਕਹਿਣ ਲੱਗਾ ਐਥੇ ਟਾਂਗਰੇ ਦੇ ਨੇੜੇ ਇੱਕ ਛੱਪੜ ਹੈ। ਜਿਹੜਾ ਜੀਵ ਉਹ ਛੱਪੜ ਦੀ ਮਿੱਟੀ ਲੈ ਕੇ ਮੱਥੇ ਨੂੰ ਲਾ ਲੈਂਦਾ ਹੈ ਉਸ ਦੀ ਸਿਰ ਦਰਦ ਉਸੇ ਵਕਤ ਠੀਕ ਹੋ ਜਾਂਦੀ ਹੈ। ਉਸ ਜੀਵ ਨੇ ਡਰਾਈਵਰ ਨੂੰ ਕਿਹਾ ਇੱਕ ਮਿੰਟ ਬੱਸ ਰੋਕੀਂ। ਉਹ ਸਾਰੇ ਹੀ ਛੱਪੜ ਵਿੱਚੋਂ ਮਿੱਟੀ ਲਾਉਣ ਲਈ ਉਸੇ ਵਕਤ ਉਤਰ ਗਏ। ਕਾਲ ਨੇ ਐਸਾ ਚੱਕਰ ਪਾਇਆ ਕਿ ਉਹਨਾਂ ਸ੍ਰੀ ਹਰਿਮੰਦਰ ਸਾਹਿਬ ਜਾਂਦਿਆਂ ਜਾਂਦਿਆਂ ਨੇ ਛੱਪੜ ਦੀ ਮਿੱਟੀ ਚੁੱਕ ਕੇ ਮੱਥੇ ਨੂੰ ਲਾਉਣੀ ਠੀਕ ਸਮਝੀ।

ਕਈ ਸਾਧੂ ਹੁੱਕਾ ਪੀਂਦੇ ਹਨ, ਸਿਗਰਟਾਂ ਪੀਂਦੇ ਹਨ ਅਤੇ ਧੂਣੀ ਲਾਈ ਹੁੰਦੀ ਹੈ। ਜਿਹੜੇ ਜੀਵ ਉਹਨਾਂ ਕੋਲ ਜਾਂਦੇ ਹਨ ਉਹ ਉਸ ਨੂੰ ਕਹਿੰਦੇ ਹਨ ਕਿ ਇਸ ਧੂਣੀ ਵਿੱਚੋਂ ਸੁਆਹ ਦੀ ਮੁੱਠੀ ਲੈ ਲੈ। ਕੁਛ ਸੁਆਹ ਖਾ ਲੈ ਅਤੇ ਕੁਛ ਸਰੀਰ ਉੱਪਰ ਮੱਲ ਲਵੀਂ ਤੂੰ ਠੀਕ ਹੋ ਜਾਵੇਂਗਾ। ਜੀਵ ਉਸੇ ਸੁਆਹ ਨੂੰ ਆਪਣੇ ਪਿੰਡੇ ਉੱਪਰ ਲਾਈ ਜਾਂਦੇ ਹਨ ਪਰ ਕਦੇ ਨਾਮ ਦੀ ਧੂੜੀ ਸਰੀਰ ਉੱਪਰ ਨਹੀਂ ਲਾਉਂਦੇ। ਸ਼ਬਦ ਰੂਪੀ ਬਾਣੀ ਦੀ ਬਖ਼ਸ਼ਿਸ਼ ਨਹੀਂ ਲੈਂਦੇ।

ਭਾਪਾ ਜੀ ਮਹਿੰਦਰ ਸਿੰਘ ਲੰਗਰ ਵਾਲਿਆਂ ਨੂੰ ਪਤਾ ਹੈ ਕਿ ਜੰਡਿਆਲੇ ਗੁਰੂ ਤੋਂ ਪਹਿਲਾਂ ਜਿਹੜੀ ਨਹਿਰ ਆਉਂਦੀ ਹੈ। ਜਿਸ ਪਾਸਿਉਂ ਪਾਣੀ ਆਉਂਦਾ ਹੈ ਉਸ ਪਾਸੇ ਫਰਲਾਂਗ ਜਾਂ ਅੱਧੀ ਫਰਲਾਂਗ 'ਤੇ ਇੱਕ ਸਾਧੂ ਨੇ ਡੇਰਾ ਲਾਇਆ ਸੀ। ਉਹ ਧੂਣੀ ਲਾਉਂਦਾ ਹੁੰਦਾ ਸੀ ਅਤੇ ਉਸ ਨੇ ਧੂਣੀ ਦੀ ਸਾਰੀ ਰਾਖ ਰਾਤ ਨੂੰ ਚਾਹ ਵਾਲੀਆਂ ਪੇਟੀਆਂ ਵਿੱਚ ਬੰਦ ਕਰ ਲੈਣੀ। ਉਹਨਾਂ ਨੇ ਆਪਣੇ ਲਈ ਨਹੀਂ ਸਗੋਂ ਸੁਆਹ ਦੀਆਂ ਪੇਟੀਆਂ ਵਾਸਤੇ ਵੱਡੇ-ਵੱਡੇ ਸ਼ੈੱਡ ਬਣਾ ਦਿੱਤੇ। ਉੱਥੇ ਪੇਟੀਆਂ ਇੱਕਠੀਆਂ ਕਰ ਦਿੱਤੀਆਂ। ਸੇਵਕ ਪੁੱਛਣ ਕਿ ਬਾਬਾ ਜੀ ਐਨੀ ਸੇਵਾ ਆਉਂਦੀ ਹੈ ਪਰ ਉਹ ਕਹਿਣ ਲੱਗੇ ਕਿ ਸਾਡਾ ਧਨ ਤਾਂ ਇਹੋ ਪੇਟੀਆਂ ਹੀ ਹਨ। ਅਸੀਂ ਇਹੋ ਕੁਝ ਇੱਕਠਾ ਕੀਤਾ ਹੈ। ਜਦੋਂ ਸਾਧੂ ਚੋਲਾ ਛੱਡ ਗਏ ਤਦ ਬਾਦ ਵਿੱਚ ਚੇਲਿਆਂ ਨੇ ਕਿਹਾ ਕਿ ਅਸੀਂ ਧਨ ਵੰਡਣਾ ਹੈ। ਦੋ ਤਿੰਨ ਜੀਵ ਦਾਅਵੇਦਾਰ ਬਣ ਗਏ ਅਤੇ ਉਹਨਾਂ ਨੇ ਹਿੱਸੇ ਆਉਂਦੀਆਂ ਪੇਟੀਆਂ ਵੰਡ ਲਈਆਂ। ਇਹ ਸਾਡੇ ਦੇਖਣ ਦੀ ਜੰਡਿਆਲੇ ਗੁਰੂ ਦੀ ਗੱਲ ਹੈ। ਲੋਕਾਂ ਨੇ ਪੁਲਿਸ ਨੂੰ ਦੱਸ ਦਿੱਤਾ ਕਿ ਸਾਧੂ ਦੀਆਂ ਪੇਟੀਆਂ ਵਿੱਚ ਪਤਾ ਨਹੀਂ ਕਿੰਨਾ ਕੁ ਸੋਨਾ ਅਤੇ ਧਨ ਹੈ ਉਹਨਾਂ ਨੇ ਅੱਜ ਵੰਡਣਾ ਹੈ। ਪੁਲਿਸ ਦੀ ਫੋਰਸ ਨੂੰ ਉਹਨਾਂ ਵਿੱਚੋਂ ਕਈਆਂ ਨੇ ਆਪ ਵੀ ਸੱਦ ਲਿਆ ਕਿ ਕਿਤੇ ਸਾਡਾ ਸੋਨਾ ਜਾਂ ਧਨ ਕੋਈ ਖੋਹ ਜਾਂ ਲੁੱਟ ਨਾ ਲਵੇ। ਪਰ ਜਦੋਂ ਪੇਟੀਆਂ ਖੋਹਲੀਆਂ ਉਹਨਾਂ ਵਿੱਚ ਸਾਰੀ ਸੁਆਹ ਨਿਕਲੀ। ਉਹ ਕਹਿਣ ਲੱਗੇ

*ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ।*

ਉਹ ਪੇਟੀਆਂ ਉਲੱਦੀ ਜਾਣ ਕਿ ਸ਼ਾਇਦ ਅਗਲੀ ਪੇਟੀ ਵਿੱਚ ਕੁਝ ਹੋਵੇ, ਸ਼ਾਇਦ ਅਗਲੀ ਪੇਟੀ ਵਿੱਚ ਕੁਝ ਹੋਵੇ। ਸੁਆਹ ਦੇ ਉੱਡਣ ਨਾਲ ਸਾਰਿਆਂ ਦੇ ਮੂੰਹ ਸਿਰ ਭਰ ਗਏ। ਜੀਵ ਨੂੰ ਸਾਧੂਆਂ ਦੇ ਬਚਨਾਂ ਉੱਪਰ ਵਿਸ਼ਵਾਸ ਨਹੀਂ ਆਉਂਦਾ ਪਰ ਸੁਆਹ ਦੀਆਂ ਵੰਡੀਆਂ ਪਾਉਂਦਾ ਹੈ। ਸਾਡੇ ਹਜ਼ੂਰ ਨੇ ਬਖ਼ਸ਼ਿਸ਼ ਕੀਤੀ ਅਸੀਂ ਧਿਆਨਪੁਰ ਤੋਂ ਕੁਛ ਨਹੀਂ ਲਿਆਂਦਾ। ਹਜ਼ੂਰ ਨੇ ਐਥੇ ਮਾਲਾ-ਮਾਲ ਕਰ ਦਿੱਤਾ ਹੈ। ਸਭ ਕੁਝ ਬਖ਼ਸ਼ ਦਿੱਤਾ ਹੈ।

*ਗੁਰ ਕਾ ਬਚਨੁ ਸਦਾ ਅਬਿਨਾਸੀ ॥*
*ਗੁਰ ਕੈ ਬਚਨਿ ਕਟੀ ਜਮ ਫਾਸੀ ॥*
*ਗੁਰ ਕਾ ਬਚਨੁ ਜੀਅ ਕੈ ਸੰਗਿ ॥*
*ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥੧॥.........*
*ਗੁਰ ਕਾ ਬਚਨੁ ਪਰਗਟੁ ਸੰਸਾਰਿ ॥*
*ਗੁਰ ਕੈ ਬਚਨਿ ਨ ਆਵੈ ਹਾਰਿ ॥*
*ਜਿਸੁ ਜਨ ਹੋਏ ਆਪਿ ਕ੍ਰਿਪਾਲ ॥*
*ਨਾਨਕ ਸਤਿਗੁਰ ਸਦਾ ਦਇਆਲੁ ॥੪॥ (ਅੰਗ 177)*

ਉਹ ਤਾਕਤ ਸਦਾ ਦਿਆਲੂ ਹੁੰਦੀ ਹੈ। ਉਹਨਾਂ ਦੇ ਬਚਨ ਮੰਨ ਕੇ ਜੀਵ ਨੂੰ ਅਮਲ ਕਰਕੇ ਮਾਲਿਕ ਦੇ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ।

# ਸਤਿਸੰਗ

**ਵਡਹੰਸ ਕੀ ਵਾਰ ਮਹਲਾ ੪** (ਅੰਗ 585)

**ਲਲਾਂ ਬਹਲੀਮਾ ਕੀ ਧੁਨਿ ਗਾਵਣੀ ॥**

**ੴ ਸਤਿਗੁਰ ਪ੍ਰਸਾਦਿ ॥ ਸਲੋਕ ਮ:੩ ॥**

**ਸ਼ਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿ ਧਾਰਿ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿੱਲਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰਾ ਵਲੋਂ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ। ਇਸ ਦੇ ਇੱਕ-ਇੱਕ ਸ਼ਬਦ ਉੱਪਰ ਧਿਆਨ ਨਾਲ ਸੋਚ ਅਤੇ ਵਿਚਾਰ ਕਰੀਏ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਇੱਕ ਬਗੁਲਾ ਹੈ ਅਤੇ ਇੱਕ ਹੰਸ ਹੈ। ਹੰਸ ਮੋਤੀ ਖਾਂਦਾ ਹੈ, ਕਿਸੇ ਚੀਜ਼ ਵਿੱਚ ਮਿਲਾਵਟ ਹੋਣ ਤੇ ਉਸ ਨੂੰ ਗ੍ਰਹਿਣ ਨਹੀਂ ਕਰਦਾ। ਬਗਲਾ ਸੋਹਣੇ ਚਿੱਟੇ ਕੱਪੜੇ ਪਾ ਕੇ, ਸਾਧੂ ਬਣ ਕੇ ਅੱਖਾਂ ਮੀਟ-ਮੀਟ ਕੇ ਬੈਠਦਾ ਹੈ। ਡੱਡੀਆਂ ਮੱਛੀਆਂ ਸੋਚਦੀਆਂ ਹਨ ਕਿ ਸਾਡੇ ਘਰ ਕੋਈ ਭਗਤ ਜਨ ਆਇਆ ਹੈ। ਪਰ ਉਹ ਉਹਨਾਂ ਨੂੰ ਹੀ ਖਾ ਲੈਂਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਹੰਸਾਂ ਦੀ ਪਛਾਣ ਇਹ ਹੈ ਕਿ ਜੋ ਜੀਵ ਸ਼ਬਦ ਵਿੱਚ ਰੱਤੇ ਜਾਂਦੇ ਹਨ ਮਾਲਿਕ ਉਹਨਾਂ ਨੂੰ ਹੰਸ ਰੂਪੀ ਬਿਰਤੀ ਬਖ਼ਸ਼ ਦਿੰਦੇ ਹਨ। ਅਸੀਂ ਕਨੇਡਾ ਗਏ ਉੱਥੇ ਹੰਸ ਦੇਖੇ, ਸ਼ਿਕਾਗੋ ਵੀ ਇੱਕ ਝੀਲ ਵਿੱਚ ਹੰਸ ਸਨ। ਜਦੋਂ ਅਸੀਂ ਸਿਮਰਨ ਕਰਨਾ ਉਹਨਾਂ ਨੇ ਕਕੈਂ, ਕਕੈਂ, ਕਕੈਂ ਕਰਦਿਆਂ ਸਾਡੇ ਨੇੜੇ ਆ ਜਾਣਾ। ਜਦੋਂ ਅਸੀਂ ਘਰੇਲੂ ਗੱਲਾਂ ਕਰਨੀਆਂ ਸ਼ੁਰੂ ਕਰ ਦੇਣੀਆਂ ਤਾਂ ਉਹਨਾਂ ਨੇ ਪਿੱਛੇ ਚਲੇ ਜਾਂਣਾ। ਅਸੀਂ ਸ਼ਬਦ ਰੂਪੀ ਗੁਰਬਾਣੀ ਅਨੁਸਾਰ ਹੀ ਇਹ ਤਜ਼ਰਬਾ ਕਰਕੇ ਦੇਖਿਆ। ਸੰਤਾਂ ਨੇ ਫ਼ੁਰਮਾਇਆ ਹੈ ਕਿ

*ਹੰਸੁ ਉਡਰਿ ਕੋਧ੍ਰੈ ਪਇਆ*
*ਲੋਕੁ ਵਿਡਾਰਣਿ ਜਾਇ ॥*
*ਗਹਿਲਾ ਲੋਕੁ ਨ ਜਾਣਦਾ*
*ਹੰਸੁ ਨ ਕੋਧ੍ਰਾ ਖਾਇ ॥੬੫ ॥ (ਅੰਗ 1381)*

ਕੋਧਰਾ ਇੱਕ ਜਿਣਸ ਹੁੰਦੀ ਹੈ। ਉਸ ਦੀਆਂ ਰੋਟੀਆਂ ਪੱਕਦੀਆਂ ਹਨ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਘਰੋਂ ਕੋਧਰੇ ਦੀ ਰੋਟੀ ਖਾਧੀ ਸੀ। ਕਿਸਾਨ ਹੰਸਾਂ ਨੂੰ ਉਡਾਉਣ ਲਈ ਗਏ ਪਰ ਉਹਨਾਂ ਨੂੰ ਪਤਾ ਨਹੀਂ ਸੀ ਕਿ ਹੰਸ ਤਾਂ ਕੋਧਰਾ ਖਾਂਦੇ ਹੀ ਨਹੀਂ। ਹੰਸ ਦੀ ਪਛਾਣ ਲਈ ਤੁਸੀਂ ਉਸ ਦੇ ਅੱਗੇ ਦੁੱਧ ਵਿੱਚ ਪਾਣੀ ਮਿਲਾ ਕੇ ਰੱਖ ਦਿਉ। ਉਸ ਦੀ ਚੁੰਝ ਵਿੱਚ ਦੋ ਸੁਰਾਖ ਹੁੰਦੇ ਹਨ। ਜਦੋਂ ਉਹ ਦੁੱਧ ਪੀਂਦਾ ਹੈ ਦੁੱਧ ਅੰਦਰ ਚਲਾ ਜਾਂਦਾ ਹੈ ਅਤੇ ਪਾਣੀ ਸੁਰਾਖ ਰਾਹੀਂ ਬਾਹਰ ਨਿਕਲ ਜਾਂਦਾ ਹੈ। ਇਸ ਤਰ੍ਹਾਂ ਸਾਧੂ ਦੁਨੀਆਂ ਵਿੱਚ ਵਿਚਰਦੇ ਹੋਏ ਗ੍ਰਿਹਸਤੀ ਜੀਵਨ ਵਿੱਚ ਵਿਚਰਦੇ ਹੋਏ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਸ਼ਾ ਤ੍ਰਿਸ਼ਨਾ ਵਾਸਨਾ ਤੋਂ ਆਪਣੇ ਆਪ ਨੂੰ ਨਿਰਲੇਪ ਰੱਖਦੇ ਹਨ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਗਿਆ ਸੀ ਕਿ ਤੁਸੀਂ ਗ੍ਰਿਹਸਤ ਜੀਵਨ ਵਿੱਚ ਰਹਿੰਦੇ ਹੋਏ ਭਗਤੀ ਕਿਵੇਂ ਕਰ ਸਕੋਗੇ ? ਤੁਸੀਂ ਗ੍ਰਿਹਸਤ ਭੋਗਿਆ ਹੈ, ਬੱਚੇ ਜੰਮੇ ਹਨ ਤੁਸੀਂ ਕਿੱਦਾਂ ਬਖ਼ਸ਼ੇ ਜਾਉਗੇ ? ਤਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਨ ਕੀਤਾ ਕਿ

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*(ਅੰਗ 938)*

ਜਿਵੇਂ ਕਮਲ ਦਾ ਫੁੱਲ ਚਿੱਕੜ ਵਿੱਚ ਰਹਿੰਦਾ ਹੋਇਆ ਵੀ ਆਪਣੀ ਹੋਂਦ ਨਿਰਲੇਪ ਰੱਖਦਾ ਹੈ, ਮੁਰਗਾਬੀ ਪਾਣੀ ਵਿੱਚ ਰਹਿ ਕੇ ਵੀ ਖੰਭ ਖੁਸ਼ਕ ਰੱਖਦੀ ਹੈ। ਇਸ ਤਰ੍ਹਾਂ ਸਾਧੂ ਦੁਨੀਆਂ ਰੂਪੀ ਚਿੱਕੜ ਵਿੱਚ ਰਹਿ ਕੇ ਵੀ ਆਪਣਾ ਰੂਪ ਕਾਇਮ ਰੱਖਦੇ ਹਨ। ਸੁਰਤ ਅਤੇ ਸ਼ਬਦ ਦੇ ਮਾਰਗ ਉੱਪਰ ਚੱਲ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਗ੍ਰਿਹਸਤੀ ਜੀਵਨ ਵਿੱਚ ਵਿਚਰਦੇ ਹੋਏ ਵੀ ਉਹ ਪਾਕ ਅਤੇ ਸਾਫ਼ ਹੁੰਦੇ ਹਨ। ਉਹਨਾਂ ਬਾਰੇ ਕਦੇ ਵੀ ਸ਼ੰਕਾ ਨਹੀਂ ਹੋਣਾ ਚਾਹੀਦਾ। ਸੋਈ ਸ਼ਬਦ ਇੱਕ ਐਸੀ ਸ਼ਕਤੀ ਹੈ ਜੋ ਵੀ ਪ੍ਰਾਣੀ ਸਿਮਰਨ ਕਰਦੇ ਹਨ ਹਜ਼ੂਰ ਉਹਨਾਂ ਨੂੰ ਹੰਸ ਰੂਪੀ ਸੁਰਤਾਂ ਬਖ਼ਸ਼ ਦਿੰਦੇ ਹਨ। ਉਹ ਜੀਵ ਨੂੰ ਅਸਲੀਅਤ ਅਤੇ ਦੂਸਰੇ ਦੀ ਪਛਾਣ ਬਖ਼ਸ਼ ਦਿੰਦੇ ਹਨ।

**ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥**

ਉਹ ਹਮੇਸ਼ਾ ਸੱਚ ਨੂੰ ਗ੍ਰਹਿਣ ਕਰਦੇ ਹਨ। ਸੱਚ ਨਾਲ ਪਿਆਰ ਕਰਦੇ ਹਨ। ਸੱਚ ਦਾ ਸਿਮਰਨ ਕਰਦੇ ਹਨ। ਸੱਚ ਉੱਪਰ ਪਹਿਰਾ ਦਿੰਦੇ ਹਨ।

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨ ॥*
*(ਅੰਗ 953)*

ਤਥਾ

*ਸਤਯਮੇਵ ਜਯਤੇ*

ਜਿੱਥੇ ਸੱਚ ਆ ਜਾਂਦਾ ਹੈ ਉਸ ਜੀਵ ਨੂੰ ਮਾਲਿਕ ਕਾਮਯਾਬੀਆਂ, ਵਡਿਆਈਆਂ ਬਖ਼ਸ਼ਦੇ ਹਨ। ਕੋਈ ਵੀ ਕਿਸੇ ਦੀ ਵਡਿਆਈ ਨਹੀਂ ਕਰ ਸਕਦਾ। ਹਜ਼ੂਰ ਕਿਰਪਾ ਕਰਨ ਤਾਂ

ਕੋਈ ਕਿਸੇ ਦੀ ਵਡਿਆਈ ਕਰਦਾ ਹੈ। ਕਿਉਂਕਿ

*ਜਿਸਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥24 ॥ (ਅੰਗ 5)*

**ਸਦਾ ਨਿਰਮਲ ਮੈਲੁ ਨ ਲਗਈ**
**ਨਦਰਿ ਕੀਤੀ ਕਰਤਾਰਿ ॥**

ਉਹ ਕਦੀ ਮੈਲੇ ਨਹੀਂ ਹੁੰਦੇ। ਉਹਨਾਂ ਨੂੰ ਮੈਲ ਨਹੀਂ ਲੱਗਦੀ।

*ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥*
*ਜੈਸੇ ਮੈਲੁ ਨ ਲਾਗੈ ਜਲਾ ॥(ਅੰਗ 272)*

ਪਾਣੀ ਵਿੱਚ ਚਾਹੇ ਕਿੰਨੇ ਵੀ ਗੰਦੇ ਹੱਥ ਧੋ ਲਵੋ। ਮੈਲ ਥੱਲੇ ਬੈਠ ਜਾਂਦੀ ਹੈ ਅਤੇ ਪਾਣੀ ਸਾਫ਼ ਦਾ ਸਾਫ਼ ਰਹਿੰਦਾ ਹੈ। ਇਸ ਤਰ੍ਹਾਂ ਦੁਨੀਆਂ ਵਿੱਚ ਵਿਚਰਦੇ ਹੋਏ ਵੀ ਉਹ ਮੈਲੇ ਨਹੀਂ ਹੁੰਦੇ।

**ਨਾਨਕ ਹਉ ਤਿਨ ਕੈ ਬਲਿਹਾਰਣੈ**
**ਜੋ ਅਨਦਿਨੁ ਜਪਹਿ ਮੁਰਾਰਿ ॥੧ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਹਨਾਂ ਤੋਂ ਬਲਿਹਾਰ ਜਾਉ ਜੋ ਰਾਤ-ਦਿਨ ਸ਼ਬਦ ਦਾ, ਮਾਲਿਕ ਦਾ ਸਿਮਰਨ, ਗੁਰਬਾਣੀ ਦਾ ਜਾਪ ਕਰਦੇ ਹਨ। ਸਾਨੂੰ ਇਸ ਹੁਕਮਨਾਮੇ ਉੱਪਰ ਅਮਲ ਕਰਕੇ ਸਿਮਰਨ ਅਤੇ ਜਾਪ ਕਰਨਾ ਚਾਹੀਦਾ ਹੈ। ਅਸੀਂ ਅੱਜ ਤੁਹਾਨੂੰ ਵਿਸ਼ਵਾਸ ਦੁਆਉਂਦੇ ਹਾਂ ਅਤੇ ਅਸੀਂ ਆਪਣੇ ਜੀਵਨ ਉੱਪਰ ਘਟਾ ਕੇ ਵੀ ਦੇਖਿਆ ਹੈ ਕਿ ਅਗਰ ਕਿਸੇ ਵਕਤ ਕੋਈ ਸੰਕਟ ਜਾਂ ਤਕਲੀਫ਼ ਆਉਂਦੀ ਹੈ ਉਦੋਂ ਅਗਰ ਤੁਸੀਂ ਸਿਮਰਨ ਕਰੋਗੇ ਤਦ ਝੱਟ ਪੱਟ ਉਹ ਤਕਲੀਫ਼ ਨਵਿਰਤ ਹੋ ਜਾਂਦੀ ਹੈ। ਸਿਮਰਨ ਵਿੱਚ ਐਸੀ ਸ਼ਕਤੀ ਹੈ। ਤੁਸੀਂ ਚਾਹੇ ਧਰਤੀ ਉੱਪਰ ਹੋ, ਜਾਂ ਹਵਾਈ ਜਹਾਜ ਵਿਚ ਹੋ, ਜਾਂ ਸਮੁੰਦਰ ਵਿਚ ਹੋ। ਜਦੋਂ ਤੁਸੀਂ ਮਾਲਿਕ ਨੂੰ ਯਾਦ ਕਰੋਗੇ, ਉਹ ਮਾਲਿਕ ਅੱਵਸ਼ ਸਹਾਇਤਾ ਕਰਨਗੇ।

*ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧ ॥ (ਅੰਗ 729)*

ਤੁਸੀਂ ਕਿਤੇ ਵੀ ਹੁੰਦੇ ਹੋਏ ਅਗਰ ਬੇਨਤੀ ਕਰਦੇ ਹੋ ਤਾਂ ਉਹ ਤਾਕਤ ਝੱਟ ਪੱਟ ਆ ਕੇ ਤੁਹਾਡੀ ਸਹਾਇਤਾ ਕਰਦੀ ਹੈ।

# ਸਤਿਸੰਗ

**ਸੂਹੀ ਮਹਲਾ ੫ (ਅੰਗ 742)**

**ਬੈਕੁੰਠ ਨਗਰੁ ਜਹਾ ਸੰਤ ਵਾਸਾ ॥**
**ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ ਸ਼ਹੀਦਾਂ ਦੇ ਸਿਰਤਾਜ ਭੇਦ ਬਖ਼ਸ਼ ਰਹੇ ਹਨ ਕਿ ਲੋਕ ਕਹਿੰਦੇ ਹਨ ਕਿ ਇਸ ਦਾ ਬੈਕੁੰਠ ਵਿੱਚ ਵਾਸਾ ਹੋਵੇ। ਬੈਕੁੰਠ ਉਸ ਨੂੰ ਕਿਹਾ ਜਾਂਦਾ ਹੈ ਜਿੱਥੇ ਸੰਤ ਨਿਵਾਸ ਕਰਦੇ ਹਨ। ਜਿਸ ਨਗਰ ਸ਼ਹਿਰ ਜਾਂ ਦੇਸ਼ ਵਿੱਚ ਸੰਤ ਵੱਸਦੇ ਹਨ ਉਹ ਸਾਰਾ ਬੈਕੁੰਠ ਹੁੰਦਾ ਹੈ।

*ਤਹਾ ਬੈਕੁੰਠੁ ਜਹ ਕੀਰਤਨੁ ਤੇਰਾ......... ॥ (ਅੰਗ 749)*

ਜਿੱਥੇ ਨਾਮ ਦਾ ਯਸ਼ ਕਥਾ ਸੋਭਾ, ਕੀਰਤਨ ਹੋ ਰਿਹਾ ਹੋਵੇ ਉੱਥੇ ਬੈਕੁੰਠ ਹੁੰਦਾ ਹੈ। ਜਿੱਥੇ ਆਪਾਂ ਸਾਰੇ ਹੁਣ ਬੈਠੇ ਹਾਂ, ਅੱਗੋਂ-ਪਿੱਛੋਂ ਇਹ ਇਕ ਹਾਲ ਹੈ। ਅਗਰ ਇੱਥੇ ਨਾਮ ਦਾ ਯਸ਼ ਨਾ ਹੋਵੇ ਤਦ ਪੰਡਾਲ ਹੈ, ਇੱਕਠ ਹੈ। ਪਰ ਜਦੋਂ ਇੱਥੇ ਗੁਰਬਾਣੀ ਦਾ ਯਸ਼ ਅਤੇ ਕੀਰਤਨ ਹੋ ਰਿਹਾ ਹੋਵੇ ਉਦੋਂ ਇਹ ਬੈਕੁੰਠ ਹੁੰਦਾ ਹੈ। ਬੈਕੁੰਠ ਸਥਾਨ ਅੰਦਰ ਵੀ ਹੈ। ਉੱਥੇ ਕੇਵਲ ਸੰਤਾਂ ਦੀਆਂ ਆਤਮਾਵਾਂ ਹੀ ਪਹੁੰਚਦੀਆਂ ਹਨ, ਸੰਤ ਹੀ ਬਿਰਾਜਮਾਨ ਹੁੰਦੇ ਹੈ। ਕਲਿਯੁਗ ਵਿੱਚ ਹਜ਼ੂਰ ਨੇ ਐਸੀ ਬਖ਼ਸ਼ਿਸ਼ ਕੀਤੀ ਹੈ ਕਿ ਜੀਵ ਚਾਹੇ ਕਿਸੇ ਤਰ੍ਹਾਂ ਦੇ ਵੀ ਸੁਭਾਅ ਦਾ ਹੋਵੇ ਜਦੋਂ ਉਹ ਕਥਾ ਕੀਰਤਨ ਸੁਣਦਾ ਹੈ ਉਦੋਂ ਉਹ ਬੈਕੁੰਠ ਵਿੱਚ ਹੁੰਦਾ ਹੈ ਕਿਉਂਕਿ ਉਸ ਸਮੇਂ ਗੁਰਬਾਣੀ ਦੇ ਬਚਨ ਉਸ ਦੇ ਹਿਰਦੇ ਵਿੱਚ ਪ੍ਰਵੇਸ਼ ਕਰ ਰਹੇ ਹੁੰਦੇ ਹਨ। ਉਹ ਜੀਵ ਕੰਨਾਂ ਦੁਆਰਾ ਸੁਣੇ ਜਾਂ ਨਾ ਸੁਣੇ ਪਰ ਉਸ ਦੇ ਅੰਦਰ ਗੁਰਬਾਣੀ ਪ੍ਰਵੇਸ਼ ਕਰ ਰਹੀ ਹੁੰਦੀ ਹੈ। ਇਸ ਕਰਕੇ ਜਿੰਨੇ ਵੀ ਜੀਵ ਉੱਥੇ ਬੈਠੇ ਹੁੰਦੇ ਹਨ ਉਹ ਬੈਕੁੰਠਾਂ ਵਿੱਚ ਬੈਠੇ ਹੁੰਦੇ ਹਨ। ਗੁਰਬਾਣੀ ਨੂੰ ਸੁਣਨ ਦੀ ਐਨੀ ਵੱਡੀ ਬਖ਼ਸ਼ਿਸ਼ ਦੱਸਿਆ ਗਿਆ ਹੈ।

**ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥**

ਗੁਰਬਾਣੀ ਸੁਣਦਿਆਂ ਉਬਾਸੀਆਂ ਨਹੀਂ ਲੈਣੀਆਂ ਚਾਹੀਦੀਆਂ। ਖਿਆਲ ਸੱਜੇ-ਖੱਬੇ ਨਹੀਂ ਲਿਜਾਣਾ ਚਾਹੀਦਾ। ਮਨ ਅਤੇ ਤਨ ਨੂੰ ਇੱਥੇ ਹਾਜ਼ਿਰ ਰੱਖਣਾ ਚਾਹੀਦਾ ਹੈ। ਅੱਗੇ-ਪਿੱਛੇ ਜੀਵ ਨੂੰ ਨੀਂਦ ਆਵੇ ਚਾਹੇ ਨਾ ਆਵੇ ਪਰ ਜਦੋਂ ਸਤਿਸੰਗ ਸ਼ੁਰੂ ਹੁੰਦਾ ਹੈ ਜੀਵ ਨੂੰ ਨੀਂਦ ਆ ਜਾਂਦੀ ਹੈ। ਕਥਾ, ਕੀਰਤਨ

ਸੁਣਦਿਆਂ ਹੀ ਘਰ ਦੀਆਂ, ਬਾਹਰ ਦੀਆਂ, ਵਿਆਹ ਸਮੇਂ ਦੀਆਂ ਗੱਲਾਂ ਚੇਤੇ ਆਉਂਦੀਆਂ ਹਨ। ਪਰ ਉਸ ਸਮੇਂ ਮਨ ਨੂੰ ਕਹੋ ਕਿ ਮਨਾ! ਅਗਰ ਕੁਝ ਖਾਣਾ ਹੈ ਤਾਂ ਖਾ ਲਵੀਂ, ਭੋਗਣਾ ਹੈ ਤਦ ਭੋਗ ਲਵੀਂ ਅਗਰ ਕੁਝ ਪੀਣਾ ਹੈ ਤਾਂ ਪੀ ਲਵੀਂ, ਅਗਰ ਸੌਣਾਂ ਹੈ ਤਾਂ ਸੋ ਲਵੀਂ ਪਰ ਹੁਣ ਮੇਰੇ ਉੱਪਰ ਕਿਰਪਾ ਕਰ। ਮੈਂ ਇੱਥੇ ਆਇਆਂ ਹਾਂ ਹੁਣ ਮੈਨੂੰ ਗੁਰਬਾਣੀ ਦਾ ਆਨੰਦ ਲੈ ਲੈਣ ਦੇ। ਇਸ ਤਰ੍ਹਾਂ ਮਨ ਅਤੇ ਤਨ ਨੂੰ ਉੱਥੇ ਹਾਜ਼ਿਰ ਰੱਖੋ। ਅਗਰ ਅਸੀਂ ਮਨ ਅਤੇ ਤਨ ਦੁਆਰਾ ਹਾਜ਼ਿਰ ਰਹਾਂਗੇ ਤਦ ਮਾਲਿਕ ਨੇ ਆਪਣੇ ਆਪ ਬਚਨਾਂ ਉੱਪਰ ਅਮਲ ਕਰਵਾ ਲੈਣਾ ਹੈ ਫੇਰ

*ਅਪੁਨੇ ਸੇਵਕ ਕੀ ਆਪੇ ਰਾਖੈ*
*ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥੧॥ (ਅੰਗ 403)*

ਫੇਰ ਹਜ਼ੂਰ ਆਪਣੇ ਆਪ ਉਸ ਜੀਵ ਦੇ ਸਾਰੇ ਕਾਰਜ ਸੁਆਰਦੇ ਹਨ।

**ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ ਰਹਾਉ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿਹੜੇ ਵੀ ਤਰੀਕੇ ਨਾਲ ਇਹ ਮਨ ਸਿੱਧਾ ਹੁੰਦਾ ਹੈ ਉਸੇ ਹੀ ਤਰੀਕੇ ਨਾਲ ਕਰ ਲਉ। ਕਈ ਵਾਰ ਤੁਸੀਂ ਜਦੋਂ ਰਾਤ ਨੂੰ ਸਿਮਰਨ ਕਰਨ ਉਠੋਗੇ ਤੁਹਾਡਾ ਮਨ ਕਹੇਗਾ ਕਿ ਥੋੜ੍ਹੀ ਜਿਹੀ ਚਾਹ ਪੀ ਲਈਏ। ਅਗਰ ਤੁਸੀਂ ਮਨ ਨੂੰ ਕਹੋਗੇ ਕਿ ਚਾਹ ਨਹੀਂ ਪੀਣੀ ਤਦ ਮਨ ਸੋਚੀ ਜਾਵੇਗਾ ਕਿ ਚਾਹ ਪੀ ਹੀ ਲੈਂਦੇ ਤਦ ਠੀਕ ਸੀ, ਸੁਸਤੀ ਨਹੀਂ ਪੈਣੀ ਸੀ। ਮਨ ਕਦੀ ਕਹੇਗਾ ਕਿ ਚਾਹ ਪੀ ਲਵਾਂ, ਕਦੇ ਕਹੇਗਾ ਕਿ ਰੋਟੀ ਖਾ ਲਵਾਂ ਜਾਂ ਦੁੱਧ ਪੀ ਲਵਾਂ ਜਾਂ ਦੋ ਬਿਸਕੁਟ ਹੀ ਖਾ ਲਵਾਂ ਨਹੀਂ ਤਾਂ ਪਾਣੀ ਹੀ ਪੀ ਲਵਾਂ। ਜੇ ਕੁਝ ਹੋਰ ਨਾ ਹੋਇਆ ਤਦ ਬੱਚਾ ਹੀ ਉੱਠ ਕੇ ਰੋਣ ਲੱਗ ਪਵੇਗਾ, ਕੁੱਤਾ ਭੌਂਕਣ ਲੱਗ ਪਵੇਗਾ ਕਿਉਂਕਿ ਕਾਲ ਜੀਵ ਦੇ ਮਨ ਦੀਆਂ ਟਪੂਸੀਆਂ ਮਰਵਾਉਂਦਾ ਹੈ ਤਾਂ ਕਿ ਕਿਸੇ ਤਰੀਕੇ ਨਾਲ ਇਹ ਭਗਤੀ ਤੋਂ ਪਿੱਛੇ ਹਟੇ। ਕਿਉਂਕਿ ਮਨ ਚਾਹੇ ਚੀਂ ਕਰੇ ਜਾਂ ਪੈਂ ਕਰੇ ਜਿਸ ਤਰੀਕੇ ਨਾਲ ਵੀ ਮਨ ਨੂੰ ਇੱਧਰ ਮੋੜਿਆ ਜਾ ਸਕਦਾ ਹੈ ਜ਼ਰੂਰ ਮੋੜੋ। ਅਗਰ ਮਨ ਸੋਣ ਲਈ ਕਹਿੰਦਾ ਹੈ ਤਦ ਅਗਰ ਸਰਦੀਆਂ ਹਨ ਤਾਂ ਰਜਾਈ ਲਾਹ ਦਿਉ। ਅਗਰ ਗਰਮੀਆਂ ਹਨ ਤਦ ਪੱਖਾ ਬੰਦ ਕਰ ਦਿਉ ਕਿ ਹੁਣ ਗਰਮੀ ਵਿੱਚ ਸੋ ਕੇ ਦੱਸ। ਅਗਰ ਰੋਟੀ ਖਾਣ ਦੀ ਜਿਦ ਕਰਦਾ ਹੈ ਤਦ ਥਾਲੀ ਵਿੱਚ ਰੋਟੀ ਪਾ ਕੇ ਸਾਹਮਣੇ ਰੱਖ ਕੇ ਕਹੋ ਕਿ ਤੈਨੂੰ ਰੋਟੀ ਖਾਣ ਨਹੀਂ ਦੇਣੀ। ਸੋਈ ਉਹ ਤਰੀਕਾ ਲੱਭੋ ਜਿਸ ਤਰੀਕੇ ਨਾਲ ਮਨ ਸਿੱਧਾ ਹੋਵੇ।

**ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥**
**ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥**

ਜਿਸ ਤਰੀਕੇ ਨਾਲ ਵੀ ਹੋ ਸਕਦਾ ਹੈ ਉਸ ਨਾਮ ਰੂਪੀ ਅੰਮ੍ਰਿਤ ਨੂੰ ਇਕੱਤਰ ਕਰੋ, ਸਟੋਰ ਕਰੋ, ਸਟਾਕ ਕਰੋ, ਅੰਮ੍ਰਿਤ ਦਾ ਖਜਾਨਾ ਇੱਕਠਾ ਕਰੋ।

**ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥**
**ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥**

ਜਦੋਂ ਤੱਕ ਇਨਸਾਨ ਲੋਭ ਤੋਂ ਨਹੀਂ ਛੁੱਟਦਾ ਓਨੀ ਦੇਰ ਤ੍ਰਿਸ਼ਨਾ ਨਹੀਂ ਮਿਟ ਸਕਦੀ। ਸੰਤਾਂ ਨੇ ਫ਼ੁਰਮਾਨ ਕੀਤਾ ਹੈ ਕਿ

*ਚਾਹ ਗਈ ਚਿੰਤਾ ਮਿਟੀ ਮਨੂਆ ਬੇਪ੍ਰਵਾਹ।*
*ਜਿਨ ਕੋ ਕਛੁ ਨ ਚਾਹੀਏ ਸੋ ਸ਼ਾਹਨ ਕੇ ਸ਼ਾਹ।*

ਲੋਭ ਅਤੇ ਤ੍ਰਿਸ਼ਨਾ ਦੇ ਮਰਨ ਤੋਂ ਬਾਦ ਹੀ ਜੀਵ ਮਾਲਿਕ ਦੀ ਸੰਗਤ ਕਰਦਾ ਹੈ।

**ਜਨਮ ਜਨਮ ਕੇ ਭੈ ਮੋਹ ਨਿਵਾਰੇ ॥**
**ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥**

ਫੇਰ ਉਸ ਜੀਵ ਦੇ ਜਨਮਾਂ-ਜਨਮਾਤਰਾਂ ਦੇ ਕਰਮ ਮਾਲਿਕ ਸਿੱਧੇ ਕਰ ਦਿੰਦੇ ਹਨ। ਦੁੱਖ, ਤਕਲੀਫ਼ਾ ਹਟਾ ਕੇ ਖੁਸ਼ੀਆਂ ਖੇੜੇ ਬਖ਼ਸ਼ਦੇ ਹਨ ਅਤੇ ਉਸ ਜੀਵ ਦੇ ਸਾਰੇ ਕਾਰਜ ਆਪ ਹੀ ਸੁਆਰਦੇ ਹਨ। ਸੰਤਾਂ ਨੇ ਫ਼ੁਰਮਾਨ ਕੀਤਾ ਹੈ ਕਿ

*ਜੇ ਤੂੰ ਮੇਰਾ ਹੋ ਜਾਏ ਸਭ ਜਗ ਤੇਰਾ ਹੋਇ।*
*ਬਾਲ ਨਾ ਬਾਂਕਾ ਕਰ ਸਕੇ ਚਾਹੇ ਸਭ ਜਗ ਵੈਰੀ ਹੋਇ।*

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੈ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਪੰਨਾ 510)*

# ਸਤਿਸੰਗ ਸੰਗ੍ਰਾਂਦ ਮਹੀਨਾ ਮੱਘਰ

**ਤੁਖਾਰੀ ਛੰਤ ਮਹਲਾ੧ ਬਾਰਹ ਮਾਹਾ (ਅੰਗ 1109)**

**ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥**

ਮੱਘਰ ਦਾ ਮਹੀਨਾ 16-11-2010 ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ-ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦੇ ਹੋਏ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹਜ਼ੂਰ ਪਹਿਲੇ ਪਾਤਿਸ਼ਾਹ ਇਸ ਮਹੀਨੇ ਬਾਰੇ ਭੇਦ ਬਖਸ਼ ਰਹੇ ਹਨ ਕਿ ਮੱਘਰ ਦਾ ਮਹੀਨਾ ਬਹੁਤ ਹੀ ਅੱਛਾ ਅਤੇ ਭਲਾ ਹੈ, ਰਹਿਮਤ ਭਰਿਆ ਹੈ, ਖੁਸ਼ੀਆਂ ਬਖਸ਼ਣ ਵਾਲਾ ਹੈ, ਫਾਇਦੇਮੰਦ ਹੈ। ਇਸ ਮਹੀਨੇ ਵਿੱਚ ਜੀਵ ਉੱਪਰ ਬਖਸ਼ਿਸ਼ਾਂ ਹੁੰਦੀਆਂ ਹਨ। ਅਗਰ ਜੀਵ ਕੋਲ ਥੋੜ੍ਹਾ ਵੀ ਧਨ ਹੋਵੇ ਤੱਦ ਵੀ ਬਹੁਤ ਲਾਭ ਪ੍ਰਾਪਤ ਹੋ ਸਕਦਾ ਹੈ, ਥੋੜ੍ਹਾ ਸਿਮਰਨ ਕੀਤਿਆਂ ਵੀ ਬਖਸ਼ਿਸ਼ ਜਿਆਦਾ ਹੋ ਸਕਦੀ ਹੈ। ਇਸ ਮਹੀਨੇ ਵਿੱਚ ਥੋੜ੍ਹਾ ਸਿਮਰਨ ਕਰਨ ਨਾਲ ਵੀ ਤੁਹਾਡੇ ਉੱਪਰ ਰਹਿਮਤ ਅਤੇ ਬਖਸ਼ਿਸ਼ ਹੋਵੇਗੀ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*(ਅੰਗ 1395)*

ਤੁਖਾਰੀ ਰਾਗ ਵਿੱਚ ਬਹੁਤ ਹੀ ਬਖਸ਼ਿਸ਼ ਭਰਿਆ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਮੱਘਰ ਦਾ ਮਹੀਨਾ ਬਹੁਤ ਹੀ ਭਾਗਾਂ ਵਾਲਾ ਹੈ। ਇਸੇ ਕਰਕੇ ਸਾਡੇ ਵੱਡੇ-ਵਡੇਰੇ ਮੱਘਰ ਦੇ ਮਹੀਨੇ ਵਿੱਚ ਬੱਚਿਆਂ ਦੀਆਂ ਸ਼ਾਦੀਆਂ ਕਰਦੇ ਸਨ ਜਾਂ ਮਾਘ ਵਿੱਚ ਕਰਦੇ ਸਨ। ਅੰਕ ਸਮਾਉਣ ਤੋਂ ਭਾਵ ਹੈ ਅੱਛਾ ਵਿਵਹਾਰ ਕਰਨਾ, ਅੱਛੀ ਜੀਵਨੀ ਬਤੀਤ ਕਰਨੀ। ਇਸ ਮਹੀਨੇ ਵਿੱਚ ਜੋ ਲੜਕੀ ਆਪਣੇ ਪਤੀ ਦੀ ਸੰਗਤ ਵਿੱਚ ਜਾਂਦੀ ਹੈ ਅਤੇ ਜੋ ਆਤਮਾਵਾਂ ਸਿਮਰਨ ਕਰਕੇ ਪ੍ਰਮਾਤਮਾ ਨਾਲ ਜੁੜਦੀਆਂ ਹਨ ਮਾਲਿਕ ਉਹਨਾਂ ਉੱਪਰ ਬਖਸ਼ਿਸ਼ ਕਰਕੇ ਉਹਨਾਂ ਨੂੰ ਆਪਣਾ ਪਿਆਰ ਬਖਸ਼ਦੇ ਹਨ। ਅਗਰ ਅਸੀਂ ਸਿਮਰਨ ਕਰਾਂਗੇ ਤੱਦ ਸਾਨੂੰ ਸਿਮਰਨ ਦਾ ਲਾਭ ਪ੍ਰਾਪਤ ਹੋਵੇਗਾ ਅਤੇ ਸਾਡੇ ਉੱਪਰ ਬਖਸ਼ਿਸ਼ ਹੋਵੇਗੀ। ਕਈਆਂ ਕਨੇਤ ਜਾਂ ਵਹਿਮਾਂ ਵਾਲੇ ਮਹੀਨਿਆਂ ਵਿੱਚ ਅਸੀਂ ਸਿਮਰਨ ਕਰਦੇ ਵੀ ਹਾਂ ਫੇਰ ਵੀ ਸ਼ੰਕਾ ਰੱਖਦੇ ਹਾਂ ਕਿ ਪਤਾ ਨਹੀਂ ਮਾਲਿਕ ਨੇ ਕਿਰਪਾ ਕਰਨੀ ਹੈ ਜਾਂ ਨਹੀਂ ਕਰਨੀ। ਪਰ ਇਸ ਮਹੀਨੇ ਵਿੱਚ ਬਖਸ਼ਿਸ਼ ਜਰੂਰ ਹੁੰਦੀ ਹੈ।

**ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੋ ਗੁਣਵੰਤੀ ਸੁਰਤ ਹੈ, (ਗੁਰਸਿੱਖ ਹੈ) ਉਹ ਜਿੰਨੇ ਜਿਆਦਾ ਗੁਣ ਗਾਵੇਗੀ ਓਨਾ ਜਿਆਦਾ ਪਿਆਰ ਪ੍ਰਾਪਤ ਕਰੇਗੀ। ਅਗਰ ਲੜਕੀ ਪਤੀ ਨੂੰ ਪਿਆਰ ਕਰਦੀ ਹੈ ਤੱਦ ਹੀ ਉਸ ਦਾ ਪਤੀ ਉਸ ਨੂੰ ਪਿਆਰ ਕਰੇਗਾ। ਇਸ ਤਰ੍ਹਾਂ ਗੁਰਸਿੱਖ ਜੋ ਸਿਮਰਨ ਕਰਦੇ ਹਨ, ਉਹੋ ਹੀ ਪ੍ਰਭੂ ਦੀ ਪ੍ਰਾਪਤੀ ਕਰਦੇ ਹਨ।

*ਸਾਚ ਕਹੂੰ ਸੁਨ ਲੇਹ ਸਭੈ*

*ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ ॥*

ਹੁਣ ਤੁਸੀਂ ਸੋਚੋਗੇ ਕਿ ਸਿਮਰਨ ਕਰਨ ਨੂੰ ਪ੍ਰੇਮ ਕਿਉਂ ਕਿਹਾ ਗਿਆ ਹੈ। ਪ੍ਰੇਮ ਦਾ ਅਰਥ ਹੈ ਸਿਮਰਨ ਕਰਨਾ, ਉਸ ਮਾਲਿਕ ਨੂੰ ਧਿਆਉਣਾ। ਜਿਹੜੀਆਂ ਸੁਰਤਾਂ ਸਿਮਰਨ ਕਰਦੀਆਂ ਹਨ ਮਾਲਿਕ ਉਹਨਾਂ ਉੱਪਰ ਜਿਆਦਾ ਬਖਸ਼ਿਸ਼ ਕਰਦੇ ਹਨ ਅਤੇ ਜਿਹੜੀਆਂ ਲੜਕੀਆਂ ਆਪਣੇ ਪਤੀ ਨਾਲ ਪਿਆਰ ਕਰਦੀਆਂ ਹਨ, ਅੱਛਾ ਵਿਵਹਾਰ ਕਰਦੀਆਂ ਹਨ ਉਹ ਸਦਾ ਖੁਸ਼ੀਆਂ ਮਾਣਦੀਆਂ ਹਨ।

**ਨਿਹਚਲੁ ਚਤੁਰੁ ਸੁਜਾਣੁ ਬਿਧਾਤਾ**

**ਚੰਚਲੁ ਜਗਤੁ ਸਬਾਇਆ ॥**

ਦੁਨਿਆਵੀ ਤੌਰ ਤੇ ਲੜਕੀ ਗੱਲਾਂ ਕਰਕੇ ਆਪਣੇ ਪਤੀ ਨੂੰ ਭਰਮਾ ਸਕਦੀ ਹੈ ਪਰ ਗੁਰਸਿੱਖ ਐਸਾ ਨਹੀਂ ਕਰ ਸਕਦੇ। ਕਿਉਂਕਿ ਉਹ ਤਾਕਤ

*ਘਟ ਘਟ ਕੇ ਅੰਤਰਿ ਕੀ ਜਾਨਤ*

*ਭਲੇ ਬੁਰੇ ਕੀ ਪੀਰ ਪਛਾਨਤ।*

ਜਾਣਦੇ ਹਨ ਕਿ ਜੀਵ ਉੱਪਰੋਂ ਬੋਲ ਰਿਹਾ ਹੈ ਜਾਂ ਅੰਦਰੋਂ ਬੋਲ ਰਿਹਾ ਹੈ। ਉਹ ਚਤੁਰ ਸੁਜਾਣ ਦਾਤਾ ਹਨ ਉਹਨਾਂ ਦੇ ਅੱਗੇ ਕੋਈ ਹੇਰਾ ਫੇਰੀ ਨਹੀਂ ਚੱਲਦੀ। ਜਦੋਂ ਤੁਸੀਂ ਉਹਨਾਂ ਕੋਲ ਜਾ ਕੇ ਮਿੱਠੀਆਂ ਪਿਆਰੀਆਂ ਗੱਲਾਂ ਕਰਦੇ ਹੋ ਉਹ ਤੁਹਾਨੂੰ ਹਾਂ-ਜੀ, ਹਾਂ-ਜੀ ਕਹਿ ਦਿੰਦੇ ਹਨ। ਕਿਉਂਕਿ ਉਹ ਸਭ ਕੁਝ ਜਾਣਦੇ ਹੋਏ ਵੀ ਜਾਹਿਰ ਨਹੀਂ ਹੁੰਦੇ।

**ਗਿਆਨੁ ਧਿਆਨੁ ਗੁਣ ਅੰਕਿ ਸਮਾਣੇ**

**ਪ੍ਰਭ ਭਾਣੇ ਤਾ ਭਾਇਆ ॥**

ਜੋ ਗੁਰਸਿੱਖ ਜਾਂ ਸੰਗਤ ਦੇ ਜੀਵ ਗੁਰਬਾਣੀ ਦੇ ਗਿਆਨ ਅਨੁਸਾਰ ਧਿਆਉਂਦੇ ਹਨ ਉਹੋ ਹੀ ਅੰਕ ਸਮਾਉਂਦੇ ਹਨ। ਫਰਜ ਕਰੋ ਅਸੀਂ ਅੱਗੋਂ ਪਿੱਛੋਂ ਸਿਮਰਨ ਨਹੀਂ ਕਰਦੇ ਅਤੇ ਸਾਧੂਆਂ ਕੋਲ ਆ ਕੇ ਮਿੱਠੀਆਂ ਪਿਆਰੀਆਂ ਗੱਲਾਂ ਕਰਦੇ ਹਾਂ ਫੇਰ

*ਜਿਨਕੀ ਭਾਵਨਾ ਦੇਖੀ ਜੈਸੀ ॥*

*ਪ੍ਰਭ ਮੂਰਤਿ ਦੇਖੀ ਤਿਨਿ ਤੈਸੀ ॥*

ਉਸੇ ਤਰ੍ਹਾਂ ਦਾ ਹੀ ਸਾਧੂ ਜੁਆਬ ਦੇ ਛੱਡਦੇ ਹਨ। ਪ੍ਰੰਤੂ ਵਾਸਤਵ ਵਿੱਚ ਬਖਸ਼ਿਸ਼ ਉਹਨਾਂ ਉੱਪਰ ਹੁੰਦੀ ਹੈ ਜੋ ਗੁਰਬਾਣੀ ਦੇ ਗਿਆਨ ਅਨੁਸਾਰ ਧਿਆਨ ਲਾ ਕੇ ਸਿਮਰਨ ਕਰਦੇ ਹਨ।

**ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿੰਨੀਆਂ ਮਰਜੀ ਕਵਿਤਾਵਾਂ ਪੜ੍ਹ ਲਉ ਗੀਤ ਗਾ ਲਉ, ਰਾਗਣੀਆਂ ਗਾ ਲਉ ਕਿਉਂਕਿ

*ਹੋਰ ਤਾਂ ਸਾਰੀਆਂ ਗੱਲੜੀਆਂ*
*ਇਕੋ ਅੱਲਾਹ ਵਾਲੀ ਗੱਲ।*
*ਕੁਝ ਆਲਮਾਂ ਰੌਲਾ ਪਾਇਆ*
*ਕੁਝ ਕਾਗਜਾਂ ਪਾਈ ਝੱਲ।*

ਜਦੋਂ ਸ੍ਰੀ ਰਾਮ ਚੰਦਰ ਜੀ ਲੰਕਾ ਨੂੰ ਜਿੱਤ ਕੇ ਆਏ ਉਸ ਵਕਤ ਸ੍ਰੀ ਰਾਮ ਚੰਦਰ ਜੀ ਦੀਆਂ ਫੌਜਾਂ ਦੇ ਸਿਪਾਸਲਾਰ ਹਨੂੰਮਾਨ ਜੀ ਸਨ। ਜੋ ਜਰਨੈਲ ਹੁੰਦੇ ਹਨ ਬਾਦਸ਼ਾਹ ਉਹਨਾਂ ਨੂੰ ਇਨਾਮ ਦਿੰਦੇ ਹਨ, ਬਖਸ਼ਿਸ਼ ਕਰਦੇ ਹਨ। ਹੁਣ ਹਜ਼ੂਰ ਦੇ ਬਚਨ ਆਏ ਹਨ ਕਿ ਚਾਹੇ ਕੋਈ ਕਿੰਨੇ ਵੀ ਗਾਣੇ ਗਾ ਲਵੇ, ਰਾਗ ਗਾਵੇ ਅਗਰ ਉਹਨਾਂ ਵਿੱਚ ਰਾਮ ਦਾ ਸ਼ਬਦ ਨਹੀਂ ਹੈ ਤੱਦ ਉਹ ਗਾਣੇ ਵਿਅਰਥ ਹਨ। ਰਾਮ, ਅੱਲਾਹ, ਗਾਡ, ਮਾਧੋ, ਗੁਸਈਆ, ਰਮਈਆ, ਹਰੀ, ਰਾਮ, ਸਤਿਨਾਮੁ, ਵਾਹਿਗੁਰੂ ਦੇ ਨਾਮ ਤੋਂ ਬਿਨਾਂ ਗਾਏ ਹੋਏ ਗਾਣੇ ਵਿਅਰਥ ਹਨ। ਇਸ ਕਰਕੇ ਦੁਨੀਆਂ ਵਿੱਚ ਸਭ ਤੋਂ ਉੱਤਮ ਚੀਜ਼ ਰਾਮ ਦਾ ਨਾਮ ਹੈ। ਸੋਈ ਜਦੋਂ ਸ੍ਰੀ ਰਾਮ ਚੰਦਰ ਜੀ ਜੰਗ ਜਿੱਤ ਕੇ ਆਏ ਤਾਂ ਉਹਨਾਂ ਨੇ ਦੁਨੀਆਂ ਦੀ ਸਭ ਤੋਂ ਕੀਮਤੀ ਜੋ ਮਾਲਾ ਮੋਤੀਆਂ, ਹੀਰਿਆਂ, ਜਵਾਹਰਾਤ ਦੀ ਬਣੀ ਹੋਈ ਸੀ, ਜੋ ਉਹਨਾਂ ਦੇ ਕੋਲ ਪਿਉ-ਦਾਦੇ ਤੋਂ ਪੁਰਖਿਆਂ ਦੀ ਨਿਸ਼ਾਨੀ ਸੀ ਉਹਨਾਂ ਨੇ ਉਹ ਹਨੂੰਮਾਨ ਦੇ ਗਲ ਵਿੱਚ ਪਾ ਦਿੱਤੀ। ਹਨੂੰਮਾਨ ਜੀ ਨੇ ਜਦੋਂ ਮਾਲਾ ਦੇਖੀ ਤੱਦ ਪੁੱਛਿਆ ਕਿ ਇਹ ਕੀ ਚੀਜ਼ ਹੈ? ਤੁਸੀਂ ਮੈਨੂੰ ਕੀ ਦੇ ਰਹੇ ਹੋ? ਤੱਦ ਸ਼੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਇਸ ਵਕਤ ਦੁਨੀਆਂ ਦੀ ਸਭ ਤੋਂ ਕੀਮਤੀ ਇਹ ਮਾਲਾ ਹੈ। ਤੱਦ ਹਨੂੰਮਾਨ ਜੀ ਨੇ ਉਸ ਮਾਲਾ ਨੂੰ ਫੜਿਆ ਅਤੇ ਦੰਦਾਂ ਨਾਲ ਉਸ ਦੇ ਮੋਤੀ ਤੋੜਨੇ ਸ਼ੁਰੂ ਕਰ ਦਿੱਤੇ। ਉਹ ਇੱਕ ਮੋਤੀ ਤੋੜ ਕੇ ਸੁੱਟ ਦੇਵੇ, ਫੇਰ ਦੂਜਾ ਤੋੜ ਕੇ ਸੁੱਟ ਦੇਵੇ, ਫੇਰ ਤੀਜਾ ਫੇਰ ਚੌਥਾ। ਇਸ ਤਰ੍ਹਾਂ ਮੋਤੀ ਤੋੜੀ ਗਏ ਤੱਦ ਉੱਥੇ ਬੈਠਿਆਂ ਵਿੱਚੋਂ ਕਿਸੇ ਨੇ ਕਹਿ ਦਿੱਤਾ ਕਿ

*ਬਾਂਦਰਾਂ ਦੇ ਗਲੀਂ ਮੋਤੀਆਂ ਦੀ ਮਾਲਾ।*

ਬਾਂਦਰ ਨੂੰ ਕੀ ਪਤਾ ਕਿ ਹੀਰੇ, ਜੁਆਹਰਾਤ ਅਤੇ ਮੋਤੀ ਕੀ ਹੁੰਦੇ ਹਨ? ਇਸ ਕਰਕੇ ਇਹ ਸਾਰੇ ਮੋਤੀ ਤੋੜ-ਤੋੜ ਕੇ ਸੁੱਟੀ ਜਾ ਰਿਹਾ ਹੈ। ਸ੍ਰੀ ਰਾਮ ਚੰਦਰ ਜੀ ਨੇ ਕਿਹਾ ਖਬਰਦਾਰ! ਅਗਰ ਕਿਸੇ ਨੇ ਮੇਰੇ ਪੁੱਤਰ ਨੂੰ ਕੁਝ ਕਿਹਾ। ਮੇਰਾ ਪੁੱਤਰ ਤਾਂ ਜਰਨੈਲ ਹੈ। ਉਸ ਨੂੰ ਤਾਂ ਪੁੱਛ ਲਉ ਕਿ ਉਹ ਇੰਝ ਕਿਉਂ ਕਰ ਰਿਹਾ ਹੈ? ਇਹ ਸਾਰਾ ਭੇਦ ਗੁਰਬਾਣੀ ਦੀ ਇਸੇ ਤੁਕ ਅਨੁਕੂਲ ਹੈ। ਜਦੋਂ ਹਨੂੰਮਾਨ ਜੀ ਨੂੰ ਪੁੱਛਿਆ ਤਾਂ ਉਹਨਾਂ ਨੇ ਉੱਤਰ ਦਿੱਤਾ ਕਿ ਹਜ਼ੂਰ! ਤੁਸੀਂ ਹੀ ਬਚਨ ਦਿੱਤੇ ਹਨ ਕਿ ਰਾਮ ਨਾਮ ਦੇ ਬਰਾਬਰ ਦੁਨੀਆਂ ਵਿੱਚ ਹੋਰ ਕੋਈ ਕੀਮਤੀ ਚੀਜ਼ ਨਹੀਂ ਹੈ। ਇਸ ਕਰਕੇ ਮੈਂ ਇਹਨਾਂ ਨੂੰ ਤੋੜ ਕੇ ਦੇਖ ਰਿਹਾ ਹਾਂ ਕਿ ਕੀ ਇਹਨਾਂ ਹੀਰਿਆਂ ਅਤੇ ਮੋਤੀਆਂ ਵਿੱਚ ਰਾਮ ਹੈ? ਕੀ ਇਹਨਾਂ ਵਿੱਚ ਰਾਮ ਲਿਖਿਆ ਹੈ ਜਾਂ ਰਾਮ ਦੀ ਹੋਂਦ ਹੈ? ਮੇਰੇ ਵਲੋਂ ਤੋੜਨ ਉਪਰੰਤ ਮੈਨੂੰ ਇਹਨਾਂ ਵਿੱਚ ਰਾਮ ਨਹੀਂ ਲੱਭ ਰਿਹਾ। ਇਸ ਕਰਕੇ ਮੇਰੇ ਲਈ ਇਹ ਮੋਤੀ ਬੇਕਾਰ ਹਨ। ਚਾਹੋ ਤਾਂ ਇਹ ਕਿਸੇ ਹੋਰ ਨੂੰ ਦੇ ਦਿਉ। ਨੇੜੇ ਜੋ ਸ਼ਰਈ ਪੁਰਸ਼ ਸਨ ਉਹ ਕਹਿਣ ਲੱਗੇ ਹਨੂੰਮਾਨ! ਕੀ ਤੇਰੇ ਅੰਦਰ ਰਾਮ ਹੈ? ਹਨੂੰਮਾਨ ਜੀ ਨੇ ਕਿਹਾ ਹਾਂ ਮੇਰੇ ਅੰਦਰ ਰਾਮ ਬਿਰਾਜਮਾਨ ਹਨ। ਉਹਨਾਂ ਨੂੰ ਦਿਖਾਉਣ ਲਈ ਹਨੂੰਮਾਨ ਜੀ ਨੇ ਆਪਣੀ ਛਾਤੀ ਚੀਰ ਦਿੱਤੀ ਅਤੇ ਅੰਦਰ ਰਾਮ ਰਾਮ ਲਿਖਿਆ ਹੋਇਆ ਸੀ। ਤੁਸੀਂ ਫੋਟੋਆਂ ਵਿੱਚ ਇਹ ਜ਼ਰੂਰ ਦੇਖਿਆ ਹੋਵੇਗਾ। ਸੋਈ ਕਵਿਤਾ, ਗੀਤ, ਰਾਗ, ਕਬਿੱਤ ਕੋਈ ਅਰਥ ਨਹੀਂ ਰੱਖਦੇ ਜਦੋਂ ਤੱਕ ਉਹਨਾਂ ਦੇ ਵਿੱਚ ਰਾਮ ਦਾ, ਪ੍ਰਭੂ ਦਾ ਨਾਮ ਨਹੀਂ ਆਉਂਦਾ।

**ਨਾਨਕ ਸਾ ਧਨ ਨਾਹ ਪਿਆਰੀ**
**ਅਭ ਭਗਤੀ ਪਿਰ ਆਗੈ ॥੧੩॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਹੋ ਲੜਕੀ, ਪਤਨੀ, ਆਤਮਾ, ਗੁਰਸਿੱਖ ਸਤਿਗੁਰ ਦਾ ਪਿਆਰ ਪ੍ਰਾਪਤ ਕਰਦੇ ਹਨ ਜੋ ਸਿਮਰਨ ਕਰਦੇ ਹਨ। ਅਗਰ ਅਸੀਂ ਆਪਣੇ ਪ੍ਰੀਤਮ, ਪਤੀ, ਪ੍ਰਭੂ ਦੇ ਅੱਗੇ ਸਮਰਪਿਤ ਨਹੀਂ ਹੁੰਦੇ ਤੱਦ ਸਾਡੀ ਉਹ ਭਗਤੀ ਅਤੇ ਪਿਆਰ ਵਿਅਰਥ ਹੈ।

ਸੋਈ ਮੱਘਰ ਦਾ ਮਹੀਨਾ ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ-ਸ਼ਾਂਤੀ, ਖੇੜੇ, ਇਤਿਫਾਕ ਬਖਸ਼ ਕੇ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਸੋਈ ਤੁਸੀਂ ਸਾਰੇ ਸਵੇਰੇ ਉੱਠ ਕੇ ਜ਼ਰੂਰ ਸਿਮਰਨ ਕਰਿਆ ਕਰਿਉ। ਥੋੜ੍ਹੇ ਸਿਮਰਨ ਕੀਤੇ ਦੀ ਵੀ ਅੰਦਰ ਜ਼ਰੂਰ ਰਹਿਮਤ ਅਤੇ ਬਖਸ਼ਿਸ਼ ਹੋਵੇਗੀ ਅਤੇ ਮਾਲਿਕ ਵਿਗੜੇ ਅਤੇ ਅਧੂਰੇ ਕਾਰਜ ਸੰਵਾਰਨਗੇ। ਹਜ਼ੂਰ ਕਿਰਪਾ ਕਰਨ ਸਾਰੇ ਪਰਿਵਾਰਾਂ ਵਿੱਚ ਖੁਸ਼ੀਆਂ ਖੇੜੇ ਬਖਸ਼ਦੇ ਹੋਏ ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਨ। ਕਾਰੋਬਾਰਾਂ ਵਿੱਚ ਵਾਧੇ ਪਾ ਕੇ ਬਖਸ਼ਿਸ਼ ਕਰਨ। ਸਾਰੇ ਹੀ ਜੋਦੜੀਆਂ ਅਤੇ ਬੇਨਤੀਆਂ ਕਰੋ। ਹਜ਼ੂਰ ਬਖਸ਼ਿਸ਼ ਕਰਦੇ ਆਏ ਹਨ ਅਤੇ ਅਗਾਂਹ ਵੀ ਕਰਦੇ ਰਹਿਣਗੇ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 135)**
**ਮੰਘਿਰਿ ਮਾਹਿ ਸੋਹੰਦੀਆ**
**ਹਰਿ ਪਿਰ ਸੰਗਿ ਬੈਠੜੀਆਹ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਉਹ ਲੜਕੀ ਭਾਗਾਂ ਵਾਲੀ ਹੈ ਜੋ ਮੱਘਰ ਦੇ ਮਹੀਨੇ ਵਿੱਚ ਆਪਣੇ ਪਤੀ ਦੀ ਸੰਗਤ ਵਿੱਚ ਰਹਿੰਦੀ ਹੈ। ਉਹ ਗੁਰਸਿੱਖ ਭਾਗਾਂ ਵਾਲਾ ਹੈ ਜੋ ਗੁਰਬਾਣੀ ਦੀ ਸੰਗਤ ਵਿੱਚ ਰਹਿੰਦਾ ਹੈ। ਅਗਰ ਕਿਸੇ ਲੜਕੀ ਦਾ ਪਤੀ ਵਿਦੇਸ਼ ਵਿੱਚ ਹੈ ਜਾਂ ਨੌਕਰੀ

Monthly **GURBANI UPMA** Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

ਕਰਨ ਕਰਕੇ ਦੂਰ ਹੈ ਉਸ ਨੂੰ ਮੱਘਰ ਦਾ ਮਹੀਨਾ ਐਨਾ ਵਧੀਆ ਨਹੀਂ ਲੱਗਦਾ ਜਿੰਨਾ ਪਤੀ ਦੇ ਕੋਲ ਹੋਣ 'ਤੇ ਲੱਗਦਾ ਹੈ। ਜੋ ਗੁਰਸਿੱਖ ਪਾਠ ਕਰਦਾ ਹੈ ਪਰ ਸ਼ਰਨ ਵਿੱਚ ਨਹੀਂ ਰਹਿੰਦਾ ਉਸ ਵਾਸਤੇ ਇਹ ਮਹੀਨਾ ਭਾਗਾਂ ਵਾਲਾ ਨਹੀਂ ਹੈ। ਜੋ ਗੁਰਬਾਣੀ ਦੀ ਸ਼ਰਨ ਵਿੱਚ ਰਹਿੰਦੇ ਹਨ ਉਹਨਾਂ ਵਾਸਤੇ ਇਹ ਮਹੀਨਾ ਭਾਗਾਂ ਵਾਲਾ ਹੈ।

**ਤਿਨ ਕੀ ਸੋਭਾ ਕਿਆ ਗਣੀ**
**ਜਿ ਸਾਹਿਬਿ ਮੇਲੜੀਆਹ ॥**

ਜਿਸ ਲੜਕੀ ਨੂੰ ਉਸ ਦਾ ਪਤੀ ਮਿਲ ਜਾਂਦਾ ਹੈ ਜਿਸ ਗੁਰਸਿੱਖ ਨੂੰ ਉਸ ਦੇ ਸਤਿਗੁਰ ਮਿਲ ਜਾਂਦੇ ਹਨ ਉਸ ਤੋਂ ਵੱਡਾ ਭਾਗਾਂ ਵਾਲਾ ਹੋਰ ਕੋਈ ਨਹੀਂ ਹੈ। ਉਸ ਦੀ ਕੋਈ ਸੋਭਾ ਵੀ ਨਹੀਂ ਗਿਣ ਸਕਦਾ।

**ਤਨੁ ਮਨੁ ਮਉਲਿਆ ਰਾਮ ਸਿਉ**
**ਸੰਗਿ ਸਾਧ ਸਹੇਲੜੀਆਹ ॥**

ਜਿਸ ਤਰ੍ਹਾਂ ਕੱਪੜੇ ਨੂੰ ਰੰਗ ਚੜ੍ਹਦਾ ਹੈ। ਇਸ ਤਰ੍ਹਾਂ ਸਾਧੂ ਦੀ ਸੰਗਤ ਕੀਤਿਆਂ ਆਤਮਾ ਨੂੰ ਪ੍ਰਮਾਤਮਾ ਦਾ ਰੰਗ ਚੜ੍ਹਦਾ ਹੈ। ਕਿਉਂਕਿ ਸਾਧੂ ਸਹੇਲੇ ਹੁੰਦੇ ਹਨ ਜੋ ਉਹਨਾਂ ਦੀਆਂ ਸਹੇਲੀਆਂ ਸੁਰਤਾਂ ਹੁੰਦੀਆਂ ਹਨ ਉਹਨਾਂ ਦਾ ਮਾਲਿਕ ਨਾਲ ਮਿਲਾਪ ਕਰਾਉਂਦੇ ਹਨ।

**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥**

ਜੋ ਸਾਧੂ ਦੀ ਸੰਗਤ ਨਹੀਂ ਕਰਦੇ ਉਹ ਮਾਲਿਕ ਦੀ ਬਖਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਨ।

**ਤਿਨ ਦੁਖੁ ਨ ਕਬਹੁ ਉਤਰੈ ਸੇ ਜਮ ਕੈ ਵਸਿ ਪੜੀਆਹ ॥**

ਉਹਨਾਂ ਨੂੰ ਕੋਈ ਨਾ ਕੋਈ ਦੁੱਖ, ਬਿਪਤਾ, ਸੰਤਾਪ ਪਿਆ ਰਹਿੰਦਾ ਹੈ ਜਿਹੜੇ ਮਾਲਿਕ ਦੀ ਸੰਗਤ ਵਿੱਚ ਨਹੀਂ ਰਹਿੰਦੇ। ਕਈ ਵਾਰ ਜੀਵ ਸਹਿਵਨ ਗਲਤੀ ਕਰਦਾ ਹੈ ਤੱਦ ਵੀ ਮਾਲਕ ਨੂੰ ਪਤਾ ਚੱਲ ਜਾਂਦਾ ਹੈ। ਕਿਉਂਕਿ

*ਕੀੜੀ ਕੇ ਪਗ ਪਰ ਬਾਜੇ ਵੋਹ ਭੀ ਸਾਹਿਬ ਸੁਨਤਾ।*

ਜੋ ਜੀਵ ਗੁਰਬਾਣੀ ਦੀ ਸੰਗਤ ਵਿੱਚ, ਸਾਧੂਆਂ ਦੀ ਸੰਗਤ ਵਿੱਚ ਨਹੀਂ ਆਉਂਦੇ ਉਹ ਇੱਕਲੇ ਰਹਿ ਜਾਂਦੇ ਹਨ।

**ਜਿਨੀ ਗਾਵਿਆ ਪ੍ਰਭੁ ਆਪਣਾ**
**ਸੇ ਦਿਸਨਿ ਨਿਤ ਖੜੀਆਹ ॥**

ਜੋ ਸਿਮਰਨ ਕਰਦੇ ਹਨ।

*ਗੁਝੀ ਛੰਨੀ ਨਾਹੀ ਬਾਤ ॥*
*ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥ (ਅੰਗ 396)*

ਜਦੋਂ ਮਾਲਿਕ ਉਹਨਾਂ ਉੱਪਰ ਬਖਸ਼ਿਸ਼ ਕਰਦੇ ਹਨ ਫੇਰ ਉਹ ਹਰੀ ਦੇ ਸੇਵਕ ਛੁਪਾਇਆਂ ਨਹੀਂ ਛੁਪਦੇ। ਸਾਰੀ ਦੁਨੀਆਂ ਵਿੱਚ ਉਹਨਾਂ ਦੀ ਸੋਭਾ ਅਤੇ ਮਾਣ ਵਡਿਆਈ ਹੁੰਦੀ ਹੈ।

**ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥**

ਜਿਸ ਤਰ੍ਹਾਂ ਇੱਕ ਲੜਕੀ ਜਦੋਂ ਕਿਤੇ ਵਿਆਹ ਸ਼ਾਦੀ ਵਿੱਚ ਜਾਂ ਹੋਰ ਕਿਤੇ ਜਾਂਦੀ ਹੈ ਉਸ ਦੇ ਗਲ ਵਿੱਚ ਹੀਰੇ ਮੋਤੀਆਂ ਦੇ ਹਾਰ ਪਹਿਨੇ ਹੁੰਦੇ ਹਨ ਤੱਦ ਉਹ ਦੂਸਰਿਆਂ ਤੋਂ ਵੱਖਰੀ ਦਿਸਦੀ ਹੈ। ਇਸ ਤਰ੍ਹਾਂ ਜਿਹੜੇ ਗੁਰਸਿੱਖ ਸਿਮਰਨ ਕਰਦੇ ਹਨ ਉਹਨਾਂ ਦੇ ਮਸਤਕ ਅਤੇ ਚਿਹਰੇ ਤੇ ਵੱਖਰਾ ਨੂਰ ਹੁੰਦਾ ਹੈ। ਉਹ ਵੱਖਰੇ ਹੀ ਦਿਸਦੇ ਹਨ।

**ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥**

ਉਹਨਾਂ ਸਾਧੂਆਂ ਦੀ ਅਤੇ ਉਹਨਾਂ ਦੇ ਸੇਵਕਾਂ ਦੀ ਵੀ ਚਰਨਾਂ ਦੀ ਧੂੜ ਮੰਗੋ ਜੋ ਗੁਰਬਾਣੀ ਦੀ ਸੰਗਤ ਕਰਦੇ ਹਨ।

**ਮੰਘਿਰਿ ਪ੍ਰਭੁ ਆਰਾਧਣਾ**
**ਬਹੁੜਿ ਨ ਜਨਮੜੀਆਹ ॥੧੦॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੋ ਜੀਵ ਮੱਘਰ ਦੇ ਮਹੀਨੇ ਵਿੱਚ ਸਿਮਰਨ ਕਰਦੇ ਹਨ ਉਹ ਚੁਰਾਸੀ ਦੇ ਗੇੜ ਵਿੱਚ ਨਹੀਂ ਪੈਂਦੇ। ਉਹ ਬਖਸ਼ੇ ਜਾਂਦੇ ਹਨ। ਹਜ਼ੂਰ ਹੀ ਕ੍ਰਿਪਾ ਅਤੇ ਬਖਸ਼ਿਸ਼ ਕਰਕੇ ਸਾਨੂੰ ਸਿਮਰਨ ਕਰਨ ਦਾ ਉਤਸ਼ਾਹ ਬਖਸ਼ਣ ਤਾਂ ਕਿ ਅਸੀਂ ਸਿਮਰਨ ਕਰਕੇ ਆਪਣਾ ਜੀਵਨ ਸਫ਼ਲ ਕਰ ਸਕੀਏ।

ਸੋਈ ਮੱਘਰ ਦਾ ਮਹੀਨਾ ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ-ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਬਖਸ਼ਦੇ ਹੋਏ ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਕੇ ਹਜ਼ੂਰ ਸੁਖਾਂ ਦਾ ਪ੍ਰਵੇਸ਼ ਕਰਨ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਲਕਸ਼ਮੀ ਪੁਰਾ, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** **ਜਿਲਦ-23 ਅੰਕ 9** **ਨਵੰਬਰ : 2010** **ਕੀਮਤ : 6 ਰੁਪੈ**